
Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 330 25/05/2026 www.samajweekly.com samajweekly @samajweekly samajweekly

# ਮਿਉਂਸਿਪਲ ਚੋਣਾਂ: ਅੱਜ ਪ੍ਰਚਾਰ ਹੋਵੇਗਾ ਬੰਦ

**ਚੰਡੀਗੜ੍ਹ,** ਪੰਜਾਬ ਵਿੱਚ 26 ਮਈ ਨੂੰ 8 ਨਗਰ ਨਿਗਮਾਂ, 75 ਨਗਰ ਕੌਂਸਲਾਂ ਤੇ 21 ਨਗਰ ਪੰਚਾਇਤਾਂ ਦੀਆਂ ਚੋਣਾਂ ਲਈ ਮੈਦਾਨ ਪੂਰੀ ਤਰ੍ਹਾਂ ਭਖ ਗਿਆ ਹੈ। ਹਾਕਮ ਧਿਰ ਆਮ ਆਦਮੀ ਪਾਰਟੀ ਦੇ ਸਾਰੇ ਮੰਤਰੀ ਅਤੇ ਵਿਧਾਇਕ ਪਾਰਟੀ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕਰ ਰਹੇ ਹਨ। ਇਸ ਦੇ ਨਾਲ ਹੀ ਵਿਰੋਧੀ ਧਿਰ ਕਾਂਗਰਸ, ਭਾਜਪਾ ਤੇ ਸ਼੍ਰੋਮਣੀ ਅਕਾਲੀ ਦੇ ਸੀਨੀਅਰ ਆਗੂ ਵੀ ਆਪਣੀ ਪਾਰਟੀ ਦੇ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ 'ਚ ਡਟੇ ਹੋਏ ਹਨ। ਭਲਕੇ 24 ਮਈ ਨੂੰ ਸ਼ਾਮ 5 ਵਜੇ ਚੋਣ ਪ੍ਰਚਾਰ ਬੰਦ ਹੋ ਜਾਵੇਗਾ। ਇਸ ਲਈ ਸਾਰੀਆਂ ਰਾਜਸੀ ਪਾਰਟੀਆਂ ਵੱਲੋਂ ਆਖ਼ਰੀ ਹੱਲਾਂ ਮਾਰਨ ਦੀ ਤਿਆਰੀ ਕਰ ਲਈ ਗਈ ਹੈ ਤਾਂ ਜੋ ਵੱਧ ਤੋਂ ਵੱਧ ਵੋਟਰਾਂ ਤੱਕ ਪਹੁੰਚ ਕਰ ਕੇ ਵੋਟ ਪਾਉਣ ਦੀ ਅਪੀਲ ਕੀਤੀ ਜਾ ਸਕੇ। ਇਸ ਤੋਂ ਬਾਅਦ 26 ਮਈ ਨੂੰ ਵੋਟਿੰਗ ਹੋਵੇਗੀ।

ਪ੍ਰਾਪਤ ਜਾਣਕਾਰੀ ਅਨੁਸਾਰ ਚੋਣ ਪ੍ਰਚਾਰ ਦੇ ਆਖ਼ਰੀ ਦਿਨ ਕਈ ਉਮੀਦਵਾਰਾਂ ਵੱਲੋਂ ਆਪਣੇ ਵਾਰਡਾਂ ਵਿੱਚ ਰੋਡ ਸ਼ੋਅ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ ਤਾਂ ਕਈ ਪਾਰਟੀਆਂ ਵੱਲੋਂ



ਸ਼ਕਤੀ ਪ੍ਰਦਰਸ਼ਨ ਕਰਨ ਲਈ ਰਣਨੀਤੀ ਤਿਆਰ ਕੀਤੀ ਗਈ ਹੈ। ਮਿਉਂਸਿਪਲ ਚੋਣਾਂ ਲਈ ਵੋਟਿੰਗ 26 ਮਈ ਨੂੰ ਹੋਵੇਗੀ ਤੇ ਨਤੀਜੇ 29 ਮਈ ਨੂੰ ਆਉਣਗੇ।

**ਪੁਲੀਸ ਨੇ ਚੌਕਸੀ ਵਧਾਈ**

ਪੰਜਾਬ ਵਿੱਚ ਮਿਉਂਸਿਪਲ ਚੋਣਾਂ ਲਈ ਚੋਣ ਕਮਿਸ਼ਨ ਤੇ ਪੰਜਾਬ ਪੁਲੀਸ ਨੇ ਵੀ ਚੌਕਸੀ ਵਧਾ ਦਿੱਤੀ ਹੈ। ਪੁਲੀਸ ਵੱਲੋਂ ਚੋਣਾਂ ਨੂੰ ਪਾਰਦਰਸ਼ੀ ਤੇ ਨਿਰਪੱਖ ਢੰਗ ਨਾਲ ਨੇਪਰੇ ਚਾੜ੍ਹਨ ਲਈ ਸੂਬੇ ਵਿੱਚ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ। ਇਸ ਤਹਿਤ ਅੱਜ ਕਈ ਥਾਵਾਂ 'ਤੇ ਪੁਲੀਸ ਵੱਲੋਂ ਫਲੈਗ ਮਾਰਚ ਵੀ ਕੀਤੇ ਹਨ।

## ਪਾਕਿਸਤਾਨ ਦੇ ਬਲੋਚਿਸਤਾਨ ਵਿੱਚ ਰੇਲਵੇ ਟਰੈਕ ਨੇੜੇ ਆਤਮਘਾਤੀ ਬੰਬ ਧਮਾਕੇ ਵਿੱਚ 26 ਮੌਤਾਂ

**70 ਲੋਕ ਹੋਏ ਜ਼ਖ਼ਮੀ, ਜਾਫਰ ਐਕਸਪ੍ਰੈਸ ਦੇ ਕਈ ਡੱਬੇ ਪਟੜੀ ਤੋਂ ਉਤਰੇ**



**ਬਲੋਚਿਸਤਾਨ।** ਪਾਕਿਸਤਾਨ ਤੋਂ ਇਸ ਵੇਲੇ ਦੀ ਵੱਡੀ ਖ਼ਬਰ ਸਾਹ-ਮਣੇ ਆਈ ਹੈ, ਇਥੇ ਬਲੋਚਿਸਤਾਨ ਸੂਬੇ ਦੇ ਕਵੇਟਾ ਵਿੱਚ ਚਮਨ ਫਾਟਕ ਕੋਲ ਰੇਲਵੇ ਟਰੈਕ ਦੇ ਨੇੜੇ ਇੱਕ ਆਤਮਘਾਤੀ ਹਮਲਾ ਕੀਤਾ ਗਿਆ। ਇਸ ਦੀ ਲਪੇਟ ਵਿਚ ਜਾਫਰ ਐਕਸਪ੍ਰੈਸ ਆ ਗਈ। ਅਧਿਕਾਰੀਆਂ ਨੇ ਦੱਸਿਆ ਕਿ ਇਸ ਹਮਲੇ ਵਿੱਚ 26 ਲੋਕ ਮਾਰੇ ਗਏ ਅਤੇ 70 ਤੋਂ ਵੱਧ ਜ਼ਖ਼ਮੀ ਹੋ ਗਏ। ਮੀਡੀਆ ਰਿਪੋਰਟਾਂ ਅਨੁਸਾਰ, ਜਦੋਂ ਧਮਾਕਾ ਹੋਇਆ ਤਾਂ ਟ੍ਰੇਨ ਕਵੇਟਾ ਕੈਂਟ ਵੱਲ ਜਾ ਰਹੀ ਸੀ। ਧਮਾਕਾ ਇੰਨਾ ਜ਼ਬਰਦਸਤ ਸੀ ਕਿ ਕਈ ਡੱਬੇ ਪਟੜੀ ਤੋਂ ਉਤਰ ਗਏ ਅਤੇ ਇਲਾਕੇ ਵਿੱਚ ਦਹਿਸ਼ਤ ਫੈਲ ਗਈ। ਧਮਾਕੇ ਤੋਂ ਬਾਅਦ, ਰੇਲਵੇ ਟਰੈਕ ਦੇ ਨੇੜੇ ਅੱਗ ਲੱਗ ਗਈ। ਫਾਇਰ ਬ੍ਰਿਗੇਡ, ਪੁਲਿਸ, ਬਚਾਅ ਟੀਮਾਂ ਅਤੇ ਸੁਰੱਖਿਆ ਬਲ ਤੁਰੰਤ ਮੌਕੇ 'ਤੇ ਪਹੁੰਚੇ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤਾ। ਪੁਲਿਸ ਨੇ ਦੱਸਿਆ ਕਿ ਧਮਾਕੇ ਨਾਲ ਨੇੜਲੀਆਂ ਇਮਾਰਤਾਂ ਦੀਆਂ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ। ਸੁਰੱਖਿਆ ਏਜੰਸੀਆਂ ਨੇ ਇਲਾਕੇ ਨੂੰ ਘੇਰ ਲਿਆ ਹੈ ਅਤੇ ਧਮਾਕੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਸ਼ੁਰੂ ਕਰ ਦਿੱਤੀ ਹੈ। ਬਲੋਚਿ-ਸਤਾਨ ਸਰਕਾਰ ਦੇ ਗ੍ਰਹਿ ਮਾਮਲਿਆਂ ਦੇ ਵਿਸ਼ੇਸ਼ ਸਹਾਇਕ ਬਾਬਰ ਯੂਸਫ਼ਜ਼ਈ ਨੇ ਕਿਹਾ ਕਿ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਸਾਰੀਆਂ ਸੁਰੱਖਿਆ ਏਜੰਸੀਆਂ ਹਾਈ ਅਲਰਟ 'ਤੇ ਹਨ। ਉਨ੍ਹਾਂ ਨੇ ਲੋਕਾਂ ਨੂੰ ਘਟਨਾ ਵਾਲੀ ਥਾਂ ਦੇ ਆਲੇ-ਦੁਆਲੇ ਇਕੱਠੇ ਨਾ ਹੋਣ ਦੀ ਅਪੀਲ ਕੀਤੀ।

## ਗੁਜਰਾਤ ਪੁਲਿਸ ਵੱਲੋਂ 613 ਕਰੋੜ ਰੁਪਏ ਦੀ ਸਾਈਬਰ ਠੱਗੀ ਦਾ ਪਰਦਾਫ਼ਾਸ਼, 13 ਮੁਲਜ਼ਮ ਗ੍ਰਿਫ਼ਤਾਰ


**ਮੁਲਜ਼ਮਾਂ ਨੂੰ ਅਹਿਮਦਾਬਾਦ, ਸੂਰਤ, ਰਾਜਕੋਟ ਸਮੇਤ ਕਈ ਜ਼ਿਲ੍ਹਿਆਂ 'ਚੋਂ ਕੀਤਾ ਗਿਆ ਕਾਬੂ**



**ਅਹਿਮਦਾਬਾਦ:** ਗੁਜਰਾਤ ਪੁਲਿਸ ਨੇ ਸੂਬੇ ਵਿੱਚ ਵਧਦੇ ਸਾਈਬਰ ਅਪਰਾਧਾਂ ਖ਼ਿਲਾਫ਼ ਚਲਾਈ ਗਈ ਇੱਕ ਵਿਸ਼ੇਸ਼ ਮੁਹਿੰਮ "ਮਿਊਲ ਹੰਟ 2.0" (Mule Hunt 2.0) ਤਹਿਤ ਇੱਕ ਬਹੁਤ ਵੱਡੀ ਸਫ਼ਲਤਾ ਹਾਸਲ ਕੀਤੀ ਹੈ। ਪੁਲਿਸ ਨੇ ਦੇਸ਼ ਭਰ ਵਿੱਚ ਲੋਕਾਂ ਨਾਲ ਕਰੋੜਾਂ ਰੁਪਏ ਦੀ ਜਾਅਲਸਾਜ਼ੀ ਕਰਨ ਵਾਲੇ ਇੱਕ ਵੱਡੇ ਸਾਈਬਰ ਗਿਰੋਹ ਦਾ ਪਰਦਾਫ਼ਾਸ਼ ਕਰਦਿਆਂ 13 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਸ਼ੁਰੂਆਤੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਮੁਲਜ਼ਮ ਹੁਣ ਤੱਕ 613 ਕਰੋੜ ਰੁਪਏ ਤੋਂ ਵੱਧ ਦੀ ਆਨਲਾਈਨ ਠੱਗੀ ਕਰ ਚੁੱਕੇ ਹਨ ਅਤੇ ਇਨ੍ਹਾਂ ਦੇ ਤਾਰ ਦੇਸ਼ ਭਰ ਦੇ ਕਰੀਬ 982 ਸਾਈਬਰ ਅਪਰਾਧ ਦੇ ਮਾਮਲਿਆਂ ਨਾਲ ਜੁੜੇ ਹੋਏ ਹਨ। ਮੁੱਖ ਮੁਲਜ਼ਮ ਵਿਮਲ ਜਾੜਾ ਲੀਕ ਹੋਏ ਡੇਟਾ ਅਤੇ ਓ.ਟੀ.ਪੀ. ਰਾਹੀਂ ਲੋਕਾਂ ਦੇ ਬੈਂਕ ਖਾਤੇ ਖਾਲੀ ਕਰਦਾ ਸੀ।

# ਗੁਰਿੰਦਰਵੀਰ ਸਿੰਘ ਬਣਿਆ ਭਾਰਤ ਦਾ ਸਭ ਤੋਂ ਤੇਜ਼ ਦੌੜਾਕ

## ਮਹਿਜ਼ 10.09 ਸਕਿੰਟ ’ਚ ਪੂਰੀ ਕੀਤੀ 100 ਮੀਟਰ ਦੌੜ



**ਰਾਂਚੀ/ਸ਼ਾਹ :** ਰਾਂਚੀ ਦੇ ਬਿਰਸਾ ਮੁੰਡਾ ਸਟੇਡੀਅਮ ਵਿਖੇ ਪੰਜਾਬ ਦੇ ਗੁਰਿੰਦਰਵੀਰ ਸਿੰਘ ਨੇ ਉਸ ਸਮੇਂ ਇਤਿਹਾਸ ਸਿਰਜ ਦਿੱਤਾ, ਜਦੋਂ ਉਨ੍ਹਾਂ ਨੇ ਐਥਲੈਟਿਕਸ ਫੈਡਰੇਸ਼ਨ ਮੁਕਾਬਲੇ ਵਿਚ ਪੁਰਸ਼ਾਂ ਦੀ 100 ਮੀਟਰ ਦੌੜ ਨੂੰ ਮਹਿਜ਼ 10:09 ਸਕਿੰਟ ਵਿਚ ਪੂਰਾ ਕਰਕੇ ਨਵਾਂ ਰਿਕਾਰਡ ਬਣਾ ਦਿੱਤਾ। ਇਹ ਰਿਕਾਰਡ ਇਸ ਲਈ ਵੀ ਖ਼ਾਸ ਐ ਕਿਉਂਕਿ ਭਾਰਤੀ ਐਥਲੈਟਿਕਸ ਦੇ ਇਤਿਹਾਸ ਵਿਚ ਪਹਿਲੀ ਵਾਰ 100 ਮੀਟਰ ਰੇਸ ਵਿਚ 10:10 ਸਕਿੰਟ ਦਾ ਮਾਰਕ ਕ੍ਰੈਕ ਹੋਇਆ ਏ, ਯਾਨੀ ਕਿਸੇ ਭਾਰਤੀ ਐਥਲੀਟ ਨੇ ਪਹਿਲੀ ਵਾਰ 100 ਮੀਟਰ ਦੌੜ ਨੂੰ 10:10 ਸਕਿੰਟ ਤੋਂ ਘੱਟ ਸਮੇਂ ਵਿਚ ਪੂਰਾ ਕੀਤਾ। ਗੁਰਿੰਦਰਵੀਰ ਨੇ ਫਿਨਿਸ਼ ਲਾਈਨ ਪਾਰ ਕਰਦਿਆਂ ਹੀ ਛਾਤੀ ’ਤੇ ਲੱਗਿਆ ਬਿਬ ਨੰਬਰ ਉਖਾੜ ਦਿੱਤਾ ਅਤੇ ਜੋਸ਼ ਵਿਚ ਦਹਾੜਦੇ ਹੋਏ ਟ੍ਰੈਕ ’ਤੇ ਅਪਣੇ ਜੁੱਤੇ ਸੁੱਟ ਦਿੱਤੇ।

ਇਸ ਮੁਕਾਬਲੇ ਵਿਚ ਸ਼ਾਨਦਾਰ ਜਿੱਤ ਦਰਜ ਕਰਨ ਤੋਂ ਬਾਅਦ ਗੱਲਬਾਤ ਕਰਦਿਆਂ ਗੁਰਿੰਦਰਵੀਰ ਸਿੰਘ ਨੇ ਆਖਿਆ ਕਿ ਲੋਕ ਕਹਿੰਦੇ ਸੀ ਕਿ ਭਾਰਤੀਆਂ ਦੇ ਕੋਲ 100 ਮੀਟਰ ਦੇ ਲਈ ਜੀਨ ਨਹੀਂ ਐ,ਪਰ ਮੈਂ ਸਾਰਿਆਂ ਨੂੰ ਗ਼ਲਤ ਸਾਬਤ ਕਰਨਾ ਚਾਹੁੰਦਾ ਸੀ,ਭਾਰਤੀ ਜੀਨ ਬਹੁਤ ਮਜ਼ਬੂਤ ਐ ਅਤੇ ਇਹ ਸਿਰਫ਼ ਸ਼ੁਰੂਆਤ ਐ।

ਗੁਰਿੰਦਰਵੀਰ ਸਿੰਘ ਦਾ ਇਹ ਸਮਾਂ ਇਸ ਸੀਜ਼ਨ ਵਿਚ ਪੂਰੇ ਏਸ਼ੀਆ ਦਾ ਦੂਜਾ ਸਭ ਤੋਂ ਤੇਜ਼ ਸਮਾ ਹੈ ਜੋ ਜਪਾਨ ਦੇ ਫੁਕੁਤੋ ਕੋਮੁਰੋ ਤੋਂ ਸਿਰਫ਼ ਪੁਆਇੰਟ 01 ਸਕਿੰਟ ਪਿੱਛੇ ਐ। ਇਸ ਦੇ ਨਾਲ ਉਨ੍ਹਾਂ ਨੇ 2026 ਦੀਆਂ ਕਾਮਨਵੈਲਥ ਖੇਡਾਂ ਦੇ ਲਈ ਕੁਆਲੀਫਾਈ ਨੂੰ ਵੀ ਆਸਾਨੀ ਨਾਲ ਪਾਰ ਕਰ ਲਿਆ। ਸੀਨੀਅਰ ਫੈਡਰੇਸ਼ਨ ਕੱਪ ’ਚ ਗੁਰਿੰਦਰਵੀਰ ਸਿੰਘ ਨੇ ਅਪਣੇ ਕੱਟੜ ਮੁਕਾਬਲੇਬਾਜ਼ ਅਨਿਮੇਸ਼ ਕੁਜੂਰ ਨੂੰ ਪਿੱਛੇ ਛੱਡ ਦਿੱਤਾ। ਗੁਰਿੰਦਰਵੀਰ ਸਿੰਘ ਨੇ ਫਾਈਨਲ ਵਿਚ ਅਨਿਮੇਸ਼ ਤੋਂ 0.11 ਸਕਿੰਟ ਤੇਜ਼ ਦੌੜ ਲਗਾਈ। ਉਨ੍ਹਾਂ ਨੇ ਅਪਣੇ ਵਿਰੋਧੀ ਤੋਂ ਘੱਟੋ ਘੱਟ ਦੋ ਫੁੱਟ ਅੱਗੇ ਰਹਿੰਦਿਆਂ ਫਿਨਿਸ਼ ਲਾਈਨ ਪਾਰ ਕੀਤੀ।

# ਬਦਰੀਨਾਥ ਨੇੜੇ ਕੰਚਨ ਗੰਗਾ ਵਿੱਚ ਬਰਫ਼ ਦਾ ਤੋਦਾ ਡਿੱਗਿਆ, ਜਾਨੀ ਨੁਕਸਾਨ ਤੋਂ ਰਿਹਾ ਬਚਾਅ



**ਗੋਪੇਸ਼ਵਰ:** ਅਧਿਕਾਰੀਆਂ ਨੇ ਦੱਸਿਆ ਕਿ ਐਤਵਾਰ ਸਵੇਰੇ ਚਮੋਲੀ ਜ਼ਿਲ੍ਹੇ ਵਿੱਚ ਬਦਰੀਨਾਥ ਨੇੜੇ ਕੁਬੇਰ ਭੰਡਾਰ ਚੋਟੀ ਤੋਂ ਆਇਆ ਇੱਕ ਬਰਫ਼ ਦਾ ਤੋਦਾ ਕੰਚਨ ਗੰਗਾ ਦੇ ਉੱਪਰਲੇ ਕੈਚਮੈਂਟ ਖੇਤਰ ਵਿੱਚ ਡਿੱਗਿਆ। ਉਨ੍ਹਾਂ ਕਿਹਾ ਕਿ ਬਦਰੀਨਾਥ ਤੀਰਥ ਸਥਾਨ ਤੋਂ ਲਗਭਗ ਦੋ ਕਿਲੋਮੀਟਰ ਅੱਗੇ ਸਥਿਤ ਇਸ ਘਟਨਾ ਵਿੱਚ ਕੋਈ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਹੋਇਆ। ਅਧਿਕਾਰੀਆਂ ਨੇ ਕਿਹਾ ਕਿ ਬਰਫ਼ ਦੇ ਤੋਦੇ ਨੇ ਬਦਰੀਨਾਥ ਰਾਸ਼ਟਰੀ ਰਾਜਮਾਰਗ 'ਤੇ ਕੋਈ ਵਿਘਨ ਨਹੀਂ ਪਾਇਆ ਅਤੇ ਬਰਫ਼ ਨਾਲ ਢੱਕੀਆਂ ਚੋਟੀਆਂ ਦੇ ਆਲੇ-ਦੁਆਲੇ ਅਜਿਹੀਆਂ ਘਟਨਾਵਾਂ ਨੂੰ "ਆਮ ਕੁਦਰਤੀ ਘਟਨਾਵਾਂ" ਕਰਾਰ ਦਿੱਤਾ। ਇਹ ਇੱਕ ਕੁਦਰਤੀ ਪ੍ਰਕਿਰਿਆ ਹੈ ਅਤੇ ਸਮੇਂ-ਸਮੇਂ 'ਤੇ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ, ”ਚਮੋਲੀ ਜ਼ਿਲ੍ਹਾ ਮੈਜਿਸਟ੍ਰੇਟ ਗੌਰਵ ਕੁਮਾਰ ਨੇ ਕਿਹਾ। ਉਨ੍ਹਾਂ ਕਿਹਾ ਕਿ ਬਰਫ਼ ਦਾ ਤੋਦਾ ਮੁੱਖ ਸੜਕ ਤੱਕ ਨਹੀਂ ਪਹੁੰਚਿਆ, ਕਿਉਂਕਿ ਬਰਫ਼ ਦਾ ਢੇਰ ਇੱਕ ਘਾਟੀ ਖੇਤਰ ਦੇ ਅੰਦਰ ਰੁਕ ਗਿਆ ਸੀ, ਇਸ ਲਈ ਇਸ ਖੇਤਰ ਵਿੱਚ ਆਵਾਜਾਈ ਅਤੇ ਰੋਜ਼ਾਨਾ ਜੀਵਨ ਪੂਰੀ ਤਰ੍ਹਾਂ ਪ੍ਰਭਾਵਿਤ ਨਹੀਂ ਰਿਹਾ। ਜ਼ਿਲ੍ਹਾ ਮੈਜਿਸਟ੍ਰੇਟ ਨੇ ਜਨਤਾ ਨੂੰ ਸੋਸ਼ਲ ਮੀਡੀਆ ਅਤੇ ਹੋਰ ਪਲੇਟਫਾਰਮਾਂ 'ਤੇ ਫੈਲ ਰਹੀਆਂ ਅਫਵਾਹਾਂ ਨੂੰ ਨਜ਼ਰਅੰਦਾਜ਼ ਕਰਨ ਦੀ ਅਪੀਲ ਕੀਤੀ, ਜਦੋਂ ਕਿ ਨਾਗਰਿਕਾਂ ਨੂੰ ਸਿਰਫ਼ ਪ੍ਰਸ਼ਾਸਨ ਦੁਆਰਾ ਜਾਰੀ ਅਧਿਕਾਰਤ ਜਾਣਕਾਰੀ 'ਤੇ ਭਰੋਸਾ ਕਰਨ ਦੀ ਸਲਾਹ ਦਿੱਤੀ।

# ਜੰਗ ਖ਼ਤਮ ਹੋਣ ਦੇ ਸੰਕੇਤ ਮਿਲਦਿਆਂ ਹੀ ਸਸਤਾ ਹੋਇਆ ਕੱਚਾ ਤੇਲ

## ਕੌਮਾਂਤਰੀ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਕੀਮਤਾਂ ਵਿਚ 8.5 ਫ਼ੀ ਸਦੀ ਦੀ ਭਾਰੀ ਗਿਰਾਵਟ ਦਰਜ ਕੀਤੀ ਗਈ




**ਨਵੀਂ ਦਿੱਲੀ:** ਅਮਰੀਕਾ ਤੇ ਇਰਾਨ ਵਿਚਾਲੇ ਜੰਗ ਦੇ ਖ਼ਤਮ ਹੋਣ ਅਤੇ ਇਕ ਵੱਡੇ ਸ਼ਾਂਤੀ ਸਮਝੌਤੇ ਦੇ ਨੇੜੇ ਪਹੁੰਚਣ ਦੀਆਂ ਸਕਾਰਾਤਮਕ ਖ਼ਬਰਾਂ ਦੇ ਵਿਚਕਾਰ ਗਲੋਬਲ ਐਨਰਜੀ ਮਾਰਕੀਟ ਨੂੰ ਵੱਡੀ ਰਾਹਤ ਮਿਲੀ ਹੈ। ਕੌਮਾਂਤਰੀ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਕੀਮਤਾਂ ਵਿਚ 8.5 ਫ਼ੀ ਸਦੀ ਦੀ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ। ਇਸ ਗਿਰਾਵਟ ਨਾਲ ਭਾਰਤ ਵਰਗੇ ਵੱਡੇ ਤੇਲ ਦਰਾਮਦਕਾਰ ਦੇਸ਼ਾਂ ਅਤੇ ਆਮ ਖਪਤਕਾਰਾਂ ਨੂੰ ਆਉਣ ਵਾਲੇ ਦਿਨਾਂ ਵਿਚ ਮਹਿੰਗਾਈ ਤੋਂ ਵੱਡੀ ਰਾਹਤ ਮਿਲ ਸਕਦੀ ਹੈ। ਬਾਜ਼ਾਰ ਮਾਹਿਰਾਂ ਮੁਤਾਬਕ ਅਮਰੀਕਾ ਅਤੇ ਇਰਾਨ ਵਿਚਾਲੇ ਜੰਗ ਕਾਰਨ ਕੱਚੇ ਤੇਲ ’ਤੇ ਲੱਗਿਆ ‘ਵਾਰ ਪ੍ਰੀਮੀਅਮ’ ਹੁਣ ਤੇਜ਼ੀ ਨਾਲ ਘਟ ਰਿਹਾ ਹੈ। ਪਿਛਲੇ ਹਫ਼ਤੇ ਜੋ ਬ੍ਰੈਂਟ ਕਰੂਡ 113 ਡਾਲਰ ਪ੍ਰਤੀ ਬੈਰਲ ਦੇ ਆਸ-ਪਾਸ ਚੱਲ ਰਿਹਾ ਸੀ, ਉਹ ਹੁਣ ਡਿੱਗ ਕੇ 103 ਡਾਲਰ ਪ੍ਰਤੀ ਬੈਰਲ ਦੇ ਪੱਧਰ ’ਤੇ ਆ ਗਿਆ ਹੈ। ਜੇਕਰ ਸਮਝੌਤਾ ਪੂਰੀ ਤਰ੍ਹਾਂ ਸਫ਼ਲ ਹੁੰਦਾ ਹੈ ਤਾਂ ਇਹ ਕੀਮਤਾਂ 88 ਡਾਲਰ ਤੋਂ ਵੀ ਹੇਠਾਂ ਜਾ ਸਕਦੀਆਂ ਹਨ। ਰਿਪੋਰਟਾਂ ਅਨੁਸਾਰ ਇਸ ਸਮਝੌਤੇ ’ਚ ਗੁਆਂਢੀ ਦੇਸ਼ ਪਾਕਿਸਤਾਨ ਮੁੱਖ ਵਿਚੋਲੇ ਦੀ ਭੂਮਿਕਾ ਨਿਭਾ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਕਾਰਾਤਮਕ ਬਿਆਨਾਂ ਤੋਂ ਸੰਕੇਤ ਮਿਲੇ ਹਨ ਕਿ ਇਸ ਸਮਝੌਤੇ ਤਹਿਤ ਇਰਾਨ ’ਤੇ ਲੱਗੀਆਂ ਪਾਬੰਦੀਆਂ ਹਟਾਈਆਂ ਜਾ ਸਕਦੀਆਂ ਹਨ। ਜੇਕਰ ਅਜਿਹਾ ਹੁੰਦਾ ਹੈ ਤਾਂ ਗਲੋਬਲ ਮਾਰਕੀਟ ਵਿਚ ਹਰ ਰੋਜ਼ 12 ਲੱਖ ਬੈਰਲ ਵਾਧੂ ਕੱਚੇ ਤੇਲ ਦੀ ਸਪਲਾਈ ਸ਼ੁਰੂ ਹੋ ਜਾਵੇਗੀ। ਇਸ ਤੋਂ ਇਲਾਵਾ ਹੋਰਮੁਜ਼ ਦੇ ਖੁੱਲ੍ਹਣ ਨਾਲ ਸਮੁੰਦਰੀ ਜਹਾਜ਼ਾਂ ਦੇ ਆਉਣ-ਜਾਣ ਦਾ ਰਸਤਾ ਸਾਫ਼ ਹੋ ਜਾਵੇਗਾ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਪੰਜਾਬ ਰੋਡਵੇਜ਼, ਪਨਬਸ,ਪੀ. ਆਰ. ਟੀ. ਸੀ. ਦੇ ਕੱਚੇ ਕਾਮਿਆਂ ਵੱਲੋਂ 25,26, 27 ਮਈ ਨੂੰ ਕੀਤੀ ਜਾਣ ਵਾਲੀ ਹੜਤਾਲ ਮੁਲਤਵੀ




**ਚੰਡੀਗੜ੍ਹ :** ਪੰਜਾਬ ਰੋਡਵੇਜ਼, ਪਨਬਸ,ਪੀ. ਆਰ. ਟੀ. ਸੀ. ਦੇ ਕੱਚੇ ਕਾਮਿਆਂ ਵੱਲੋਂ 25,26, 27 ਮਈ ਨੂੰ ਕੀਤੀ ਜਾਣ ਵਾਲੀ ਹੜਤਾਲ ਮੁਲਤਵੀ ਕਰ ਦਿੱਤੀ ਗਈ ਹੈ। ਇਹ ਹੜਤਾਲ ਟਰਾਂਸਪੋਰਟ ਮੰਤਰੀ, ਵਿੱਤ ਮੰਤਰੀ ਨਾਲ 02 ਜੂਨ 2026 ਦੀ ਪੈਨਲ ਮੀਟਿੰਗ ਤੈਅ ਹੋਣ ਤੋਂ ਬਾਅਦ ਹੜਤਾਲ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ।ਕੱਚੇ ਕਾਮਿਆਂ ਦੇ ਆਗੂਆਂ ਨੇ ਸਮੂਹ ਡਿਪੂ ਕਮੇਟੀਆਂ ਅਤੇ ਸਮੁੱਚੇ ਵਰਕਰ ਸਾਥੀਆਂ ਨੂੰ ਬੇਨਤੀ ਹੈ ਜਥੇਬੰਦੀ ਵੱਲੋਂ 25,26,27 ਮਈ 2026 ਦੀ ਤਿੰਨ ਰੋਜ਼ਾ ਹੜਤਾਲ ਸਮੇਤ ਮੁੱਖ ਮੰਤਰੀ ਰਿਹਾਇਸ਼ ਦੇ ਧਰਨੇ ਸਮੇਤ ਉਲੀਕੇ ਸ਼ਘੰਰਸ਼ਾਂ ਨੂੰ ਵੇਖਦਿਆਂ ਮਾਨਯੋਗ ਵਿੱਤ ਮੰਤਰੀ ਅਤੇ ਟਰਾਸਪੋਰਟ ਮੰਤਰੀ ਪੰਜਾਬ ਨਾਲ ਮਿਤੀ 2 ਜੂਨ 2026 ਨੂੰ ਪੈਨਿਲ ਮੀਟਿੰਗ ਤੈ ਹੋਈ ਹੈ ਅਤੇ ਉਨ੍ਹਾਂ ਮੰਗਾਂ ਦਾ ਹੱਲ ਕਰਨ ਦਾ ਭਰੋਸਾ ਦਿੱਤਾ ਹੈ ।ਮੀਟਿੰਗ ਵਿੱਚ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨਾ, ਠੇਕੇਦਾਰੀ ਪ੍ਰਥਾ ਖਤਮ ਕਰਨ, ਬਰਾਬਰ ਕੰਮ ਬਰਾਬਰ ਤਨਖਾਹ ਲਾਗੂ ਕਰਨ ਅਤੇ ਮੰਨੀਆਂ ਮੰਗਾਂ ਲਾਗੂ ਕਰਨ, ਕਿਲੋਮੀਟਰ ਸਕੀਮ ਪ੍ਰਾਈਵੇਟ ਬੱਸਾਂ ਬੰਦ ਕਰਕੇ ਵਿਭਾਗਾਂ ਦੀਆਂ ਮਾਲਕੀ ਬੱਸਾ ਪਾਉਣ ਸਮੇਤ ਆਦਿ ਮੰਗਾਂ ’ਤੇ ਵਿਚਾਰ ਚਰਚਾ ਹੋਵੇਗੀ। ਇਸ ਦੇ ਨਾਲ ਹੀ 18 ਮਈ 2026 ਨੂੰ ਟਰਾਸਪੋਰਟ ਮੰਤਰੀ ਨਾਲ ਹੋਈ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਸ਼ੰਘਰਸ਼ਾਂ ਦੌਰਾਨ ਨਜਾਇਜ਼ ਪਰਚੇ ਕਰਕੇ ਪਿਛਲੇ 6 ਮਹੀਨਿਆਂ ਤੋਂ ਜੇਲ੍ਹ ਵਿਚ ਬੰਦ ਸਾਥੀਆਂ ’ਤੇ ਪਰਚੇ ਰੱਦ ਕਰਨ ਅਤੇ ਪਹਿਲ ਦੇ ਆਧਾਰ ’ਤੇ ਰਿਹਾਅ ਕਰਨ ਦੀ ਸਹਿਮਤੀ ਬਣੀ ਸੀ ਜੋ ਪ੍ਰੋਸੈਸ ਅਧੀਨ ਹੈ, ਜਿਸ ਨੂੰ ਮੁੱਖ ਰੱਖ ਕੇ ਜਥੇਬੰਦੀ ਵੱਲੋਂ 25,26,27 ਮਈ 2026 ਨੂੰ ਹੜਤਾਲ ਮੁਲਤਵੀ ਕੀਤੀ ਗਈ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander
Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪਟਿਆਲਾ: ਮਾਂ ਬਾਪ ਨੇ ਤਿੰਨੋ ਬੱਚੇ ਸੁੱਟੇ ਭਾਖੜਾ ਨਹਿਰ ’ਚ, ਹੋਈ ਮੌਤ

## ਮੰਡੋਲੀ ਪਿੰਡ ਕੋਲ ਖੁਦ ਵੀ ਨਹਿਰ ’ਚ ਮਾਰੀ ਛਾਲ, ਮਾਂ ਬਾਪ ਨੂੰ ਰਾਹਗੀਰਾਂ ਨੇ ਬਚਾ ਲਿਆ





**ਪਟਿਆਲਾ:** ਪਟਿਆਲਾ ਦੇ ਨੇੜੇ ਭਾਖੜਾ ਨਹਿਰ ਵਿੱਚੋਂ ਇਕ ਦਿਲ ਦਹਿਲਾ ਦੇਣ ਵਾਲੀ ਘਟਨਾ ਸਾਹ-ਮਣੇ ਆਈ ਹੈ, ਜਿੱਥੇ ਇਕ ਮਾਂ-ਬਾਪ ਵੱਲੋਂ ਆਪਣੇ ਤਿੰਨ ਮਾਸੂਮ ਬੱਚਿਆਂ ਨੂੰ ਨਹਿਰ ਵਿੱਚ ਸੁੱਟਣ ਮਗਰੋਂ ਖੁਦ ਵੀ ਛਾਲ ਮਾਰ ਦਿੱਤੀ ਗਈ। ਇਸ ਦਰਦਨਾਕ ਘਟਨਾ ਦੌਰਾਨ ਤਿੰਨਾਂ ਬੱਚਿਆਂ ਦੀ ਮੌਤ ਹੋ ਗਈ, ਜਦਕਿ ਮਾਂ-ਬਾਪ ਨੂੰ ਰਾਹਗੀਰ ਲੋਕਾਂ ਨੇ ਬਚਾ ਲਿਆ। ਭੋਲੇ ਸ਼ੰਕਰ ਡਾਈਵਰਟ ਟੀਮ ਦੇ ਸ਼ੰਕਰ ਭਾਰਦਵਾਜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਘਟਨਾ ਸਵੇਰੇ ਕਰੀਬ 9 ਵਜੇ ਦੀ ਹੈ। ਲਾਂਡਰਾਂ ਪਿੰਡ ਦੇ ਰਹਿਣ ਵਾਲਾ ਇਕ ਪਰਿਵਾਰ ਮੋਟਰਸਾਈਕਲ ‘ਤੇ ਭਾਖੜਾ ਨਹਿਰ ਵੱਲ ਆਇਆ ਸੀ। ਪਰਿਵਾਰ ਵਿੱਚ 15 ਸਾਲ ਦਾ ਪੁੱਤਰ, 12 ਸਾਲ ਦੀ ਧੀ ਅਤੇ 7 ਸਾਲ ਦੀ ਇਕ ਹੋਰ ਮਾਸੂਮ ਬੱਚੀ ਸ਼ਾਮਲ ਸੀ। ਮੰਡੋਲੀ ਪਿੰਡ ਕੋਲ ਪਹੁੰਚ ਕੇ ਪਹਿਲਾਂ ਬੱਚਿਆਂ ਨੂੰ ਨਹਿਰ ਵਿੱਚ ਸੁੱਟਿਆ ਗਿਆ। ਦੱਸਿਆ ਜਾ ਰਿਹਾ ਹੈ ਕਿ ਜਦੋਂ ਵੱਡੇ ਪੁੱਤਰ ਨੂੰ ਨਹਿਰ ਵਿੱਚ ਸੁੱਟਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਸਨੇ ਮੋਟਰਸਾਈਕਲ ਨੂੰ ਜੱਫਾ ਪਾ ਲਿਆ, ਪਰ ਮਾਂ-ਬਾਪ ਨੇ ਕਿਸੇ ਤਰ੍ਹਾਂ ਉਸਨੂੰ ਛੁਡਾ ਕੇ ਨਹਿਰ ਵਿੱਚ ਧੱਕ ਦਿੱਤਾ। ਇਸ ਤੋਂ ਬਾਅਦ ਦੋਵੇਂ ਮਾਂ-ਬਾਪ ਨੇ ਵੀ ਨਹਿਰ ਵਿੱਚ ਛਾਲ ਮਾਰ ਦਿੱਤੀ। ਰਾਹਗੀਰ ਲੋਕਾਂ ਨੇ ਤੁਰੰਤ ਕਾਰਵਾਈ ਕਰਦਿਆਂ ਮਾਂ-ਬਾਪ ਨੂੰ ਪਾਣੀ ਵਿੱਚੋਂ ਬਾਹਰ ਕੱਢ ਲਿਆ, ਪਰ ਤਿੰਨੇ ਬੱਚੇ ਪਾਣੀ ਦੇ ਤੇਜ਼ ਭਾਵ ਕਾਰਨ ਦੂਰ ਤੱਕ ਚਲੇ ਗਏ। ਗੋਤਾਖੋਰ ਟੀਮ ਨੂੰ ਸੂਚਨਾ ਮਿਲਣ ਮਗਰੋਂ ਕਈ ਘੰਟਿਆਂ ਦੀ ਕੜੀ ਮਸ਼ੱਕਤ ਤੋਂ ਬਾਅਦ ਤਿੰਨਾਂ ਬੱਚਿਆਂ ਦੀਆਂ ਲਾਸ਼ਾਂ ਨਹਿਰ ਵਿੱਚੋਂ ਬਾਹਰ ਕੱਢੀਆਂ ਗਈਆਂ। ਸ਼ੰਕਰ ਭਾਰਦਵਾਜ ਨੇ ਦੱਸਿਆ ਕਿ ਛੋਟੇ-ਛੋਟੇ ਮਾਸੂਮ ਬੱਚਿਆਂ ਦੀਆਂ ਲਾਸ਼ਾਂ ਕੱਢਣਾ ਗੋਤਾਖੋਰਾਂ ਲਈ ਵੀ ਬਹੁਤ ਦਹਿਲਾ ਦੇਣ ਵਾਲਾ ਮੰਜ਼ਰ ਸੀ। ਪ੍ਰਾਰੰਭਿਕ ਜਾਣਕਾਰੀ ਅਨੁਸਾਰ ਪਰਿਵਾਰ ਦਾ ਕਿਸੇ ਰਿਸ਼ਤੇਦਾਰ ਨਾਲ ਪਰਿਵਾਰਿਕ ਝਗੜਾ ਚੱਲ ਰਿਹਾ ਸੀ, ਹਾਲਾਂਕਿ ਪੁਲਿਸ ਵੱਲੋਂ ਹਰ ਪੱਖ ਤੋਂ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਮੌਕੇ ‘ਤੇ ਪਹੁੰਚ ਕੇ ਮਾਂ-ਬਾਪ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੂਰੇ ਇਲਾਕੇ ਵਿੱਚ ਇਸ ਘਟਨਾ ਤੋਂ ਬਾਅਦ ਸੋਗ ਅਤੇ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ।

## ਕਾਨਪੁਰ ਦੇ ਇੱਕ ਬਾਰ ’ਚ ਗੁੰਡਾਗਰਦੀ, ਨਸ਼ੇ ਵਿੱਚ ਧੁੱਤ ਅਮੀਰਜ਼ਾਦਿਆਂ ਨੇ ਸਿੱਖ ਨੌਜਵਾਨ ਦੀ ਬੇਰਹਿਮੀ ਨਾਲ ਕੀਤੀ ਕੁੱਟਮਾਰ



**ਕਾਨਪੁਰ:** ਉੱਤਰ ਪ੍ਰਦੇਸ਼ ਦੇ ਕਾਨਪੁਰ ਸਥਿਤ ਇਕ ਨਾਮੀ ਬਾਰ ਵਿਚ ਨਸ਼ੇ ਵਿਚ ਧੁੱਤ ਨੌਜੁਆਨਾਂ ਵਲੋਂ ਗੁੰਡਾਗਰਦੀ ਦਾ ਸ਼ਰਮਨਾਕ ਮਾਮਲਾ ਸਾਹਮਣੇ ਆਇਆ ਹੈ। ਇੱਥੇ ਮਾਮੂਲੀ ਬਹਿਸ ਤੋਂ ਬਾਅਦ ਅਮੀਰਜ਼ਾਦਿਆਂ ਨੇ ਇਕ ਸਿੱਖ ਨੌਜੁਆਨ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ, ਉਸ ਦੀ ਪੱਗ ਲਾਹ ਕੇ ਸੁੱਟ ਦਿਤੀ ਅਤੇ ਵਾਲਾਂ ਤੋਂ ਘਸੀਟ ਕੇ ਜਾਨੋਂ ਮਾਰਨ ਦੀ ਕੋਸ਼ਿਸ਼ ਕੀਤੀ। ਪੀੜਤ ਨੌਜੁਆਨ ਵੰਸ਼ ਦੇ ਪਿਤਾ ਰਜਿੰਦਰ ਸਿੰਘ ਭਾਟੀਆ ਨੇ ਦਸਿਆ ਕਿ ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਉਨ੍ਹਾਂ ਦਾ ਬੇਟਾ ਬਾਰ ਤੋਂ ਪਰਤ ਰਿਹਾ ਸੀ ਅਤੇ ਲਿਫਟ ਵਿਚ ਮੁਲਜ਼ਮ ਧੈਰਿਆ ਗੁਪਤਾ ਨਾਲ ਉਸ ਦੀ ਕਿਸੇ ਗੱਲ ਨੂੰ ਲੈ ਕੇ ਬਹਿਸ ਹੋ ਗਈ। ਉਨ੍ਹਾਂ ਦਸਿਆ , ‘‘ਮੇਰੇ ਬੇਟੇ ਨੂੰ ਡੇਗ-ਡੇਗ ਕੇ ਬੇਰਹਿਮੀ ਨਾਲ ਪਿੱਟਿਆ ਗਿਆ। ਮੁਲਜ਼ਮ ਉਸ ਨੂੰ ਕੁਟਦੇ-ਕੁਟਦੇ ਬਿਲਡਿੰਗ ਦੇ ਹੇਠਾਂ ਲੈ ਆਏ, ਜਿੱਥੇ ਗਲਾ ਦਬਾ ਕੇ ਉਸ ਨੂੰ ਮਾਰਨ ਦੀ ਵੀ ਕੋਸ਼ਿਸ਼ ਕੀਤੀ।’’ ਪੀੜਤ ਨੌਜੁਆਨ ਨੇ ਉਥੇ ਖੜ੍ਹੇ ਸੁਰੱਖਿਆ ਗਾਰਡਾਂ ’ਤੇ ਵੀ ਤਮਾਸ਼ਬੀਨ ਬਣੇ ਰਹਿਣ ਦਾ ਦੋਸ਼ ਲਗਾਇਆ। ਵੰਸ਼ ਨੇ ਕਿਹਾ, ‘‘ਮੈਂ ਬਾਰ ਗਿਆ ਜ਼ਰੂਰ ਸੀ ਪਰ ਮੈਂ ਨਸ਼ੇ ਵਿਚ ਨਹੀਂ ਸੀ। ਦੂਜੇ ਨੌਜੁਆਨ ਨਸ਼ੇ ’ਚ ਸਨ ਅਤੇ ਉਨ੍ਹਾਂ ਨੇ ਮੈਨੂੰ 70 ਤੋਂ 80 ਲੱਤਾਂ-ਮੁੱਕੇ ਮਾਰੇ।’’

ਪੁਲਿਸ ਨੇ ਇਕ ਨਾਮਜ਼ਦ ਸਮੇਤ ਚਾਰ ਲੋਕਾਂ ਵਿਰੁਧ ਮਾਮਲਾ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿਤੀ ਹੈ। ਇਸ ਮਾਮਲੇ ਨੇ ਸ਼ਹਿਰ ’ਚ ਨਾ ਸਿਰਫ਼ ਕਾਨੂੰਨ-ਵਿਵਸਥਾ ’ਤੇ ਸਵਾਲ ਖੜ੍ਹੇ ਕੀਤੇ ਹਨ ਬਲਕਿ ਧਾਰਮਕ ਸਨਮਾਨ ਅਤੇ ਸਮਾਜਕ ਸੰਵੇਦਨਸ਼ੀਲਤਾ ’ਤੇ ਵੀ ਗੰਭੀਰ ਬਹਿਸ ਛੇੜ ਦਿਤੀ ਹੈ।




# ਚੰਨਣਵਾਲ ਤੋਂ ਰਾਏਸਰ ਦੇ ਵਿਚਕਾਰ ਲਾਈ ਦਰਖਤਾਂ ਨੂੰ ਅੱਗ



**ਬਰਨਾਲਾ/ ਮਹਿਲ ਕਲਾਂ,ਮਈ (ਗੁਰਭਿੰਦਰ ਗੁਰੀ ):** ਹਰ ਸਾਲ ਹੋ ਰਹੇ ਇਸ ਮਹਾਂਪਾਪ ਤੋਂ ਦਰੱਖਤਾਂ ਨੂੰ ਕਿਵੇਂ ਬੱਚੀਏ, ਜੇ ਅੱਗ ਲਗਾਏ ਬਿਨਾਂ ਸਰਦਾ ਨਹੀਂ ਤਾਂ ਇਨ੍ਹਾਂ ਬੇਜੁਬਾਨ ਪਰ ਸੰਜੀਵ ਰੁੱਖਾਂ ਨੂੰ ਕਿਉਂ ਅੱਗ ਲਗਾਈ ਜਾਂਦੀ ਹੈ, ਜਿੱਥੇ ਪੰਜਾਬ ਸਰਕਾਰ ਹਰ ਸਾਲ ਦੀ ਤਰ੍ਹਾਂ ਰੁੱਖ ਲਗਾਓ ਵਾਤਾਵਰਨ ਬਚਾਉ ਦੇ ਤਹਿਤ ਲੱਖਾਂ ਰੁਪਏ ਖਰਚ ਕਰਕੇ ਬੂਟੇ ਲਗਵਾਉਦੀ ,ਦੂਜੇ ਪਾਸੇ ਕਈ ਸਿਰ ਫਿਰੇ ਲੋਕਾਂ ਵੱਲੋਂ ਇਹਨਾਂ ਨੂੰ ਅੱਗ ਲਾ ਜਲਾਇਆ ਜਾਂਦਾ, ਇਹ ਘਟਨਾ ਹਲਕਾ ਮਹਿਲ ਕਲਾਂ ਦੇ ਅਧੀਨ ਪੈਂਦੇ ਪਿੰਡ ਚੰਨਣਵਾਲ ਤੋਂ ਰਾਏਸਰ ਦੇ ਵਿਚਕਾਰ ਸੜਕ ਦੇ ਕਿਨਾਰੇ ਨਾਲ ਖੜੇ ਰੁੱਖਾਂ ਨੂੰ ਅੱਗ ਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ, ਵਨ ਵਿਭਾਗ ਦੇ ਅਧਿਕਾਰੀ ਗਗਨ ਸਿੰਘ ਵੱਲੋਂ ਅੱਗ ਲਾਉਣ ਵਾਲੇ ਖਿਲਾਫ ਵਿੱਢੀ ਮੁਹਿੰਮ ਤਹਿਤ ਸੁਖਦੀਪ ਸਿੰਘ ਚੰਨਣਵਾਲ ਦੇ ਖਿਲਾਫ ਜੁਰਮਾਨਾ ਕਰਕੇ ਨਵੇਂ ਬੂਟੇ ਲਗਵਾਏ ਗਏ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਾਤਾਵਰਨ ਪ੍ਰੇਮੀ ਸਤਪਾਲ ਸਿੰਘ ਦੇਹੜਕਾ ਨੇ ਕਿਹਾ ਹੈ ਕਿ ਵਥੇਰੇ ਵੱਡੇ-ਵੱਡੇ ਟਰੈਕਟਰ ਤੇ ਹੋਰ ਸੰਦ ਸੰਦੇੜੇ ਵਾਹਿਗੁਰੂ ਨੇ ਬਖਸ਼ਿਸ਼ ਕੀਤੇ ਨੇ ,ਦੋ ਲੀਟਰ ਡੀਜ਼ਲ ਨਾਲ ਕੋਈ ਗ਼ਰੀਬੀ ਨੀ ਆਉਣ ਲੱਗੀ, ਦੋ ਚਾਰ ਗੇੜੇ ਇਨ੍ਹਾਂ ਦੇ ਨੇੜੇ ਰੋਟਾਵੇਟਰ ਨਾਲ ਲਾ ਦਿੱਤੇ ਜਾਣ ਤਾਂ ਇਨੀ ਨੌਬਤ ਨਾ ਆਵੇ।

ਕਣਕ ਦਾ ਝੋਨੇ ਦੇ ਘੱਟ ਝਾੜ ਦਾ ਐਡਾ ਵੱਡਾ ਨੁਕਸਾਨ ਵੀ ਝੱਲ ਹੀ ਲੈਂਦੇ ਹਾਂ, ਹੁਣ ਇਹਦੇ ਨਾਲ ਕੀ ਫਰਕ ਪੈਣ ਲੱਗਿਆ। ਬਾਕੀ ਸਭ ਕੁੱਝ ਪੈਸਾ ਵੀ ਨੀ ਹੁੰਦਾ। ਇਹ ਦਰਖ਼ਤ ਸਾਨੂੰ ਫਲ ਫਰੂਟ,ਮੇਵੇ,ਔਸ਼ਧੀਆਂ,ਤਪਦੀ ਦੁਪਹਿਰ ਚ ਠੰਡੀ ਛਾਂ,ਸਾਹ ਲੈਣ ਲਈ ਸ਼ੁੱਧ ਆਕਸ਼ੀਜਨ,ਘਰਾਂ ਕੋਠੀਆਂ ਚ ਵਰਤੋਂ ਲਈ ਲੱਕੜੀ ਦਿੰਦੇ ਹਨ । ਇਹ ਦਰਖਤ ਆਪਾਂ ਤੋਂ ਮੰਗਦੇ ਇਹੀ ਨੇ ਸਾਨੂੰ ਜਿਉਂਦੇ ਜੀਅ ਨਾ ਫੂਕੋ ਜਿਸ ਆਖ਼ਰੀ ਦਿਨ ਤੁਸੀਂ ਮੱਚਣਾ ਹੋਇਆ ਅਸੀਂ ਥੋਡੇ ਨਾਲ ਮੱਚਾਂਗੇ। ਹੈ ਕਿਸੇ ਦਾ ਐਡਾ ਵੱਡਾ ਜ਼ੇਰਾ। ਆਓ ਰਲ ਮਿਲ ਕੇ ਇਨ੍ਹਾਂ ਬੇਜ਼ਬਾਨਾਂ ਦੇ ਸਬੰਧੀ ਪੰਜਾਬ ਸਰਕਾਰ ਅਤੇ ਵਨ ਵਿਭਾਗ ਤੋਂ ਦਰੱਖਤਾਂ ਨੂੰ ਅੱਗ ਲਾਉਣ ਵਾਲਿਆ ਸਬੰਧੀ ਢੁੱਕਵੀਂ ਕਾਰਵਾਈ ਦੀ ਮੰਗ ਕਰਿਏ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸੁਖਦੀਪ ਸਿੰਘ ਚੰਨਣਵਾਲ ਨੇ ਕਿਹਾ ਹੈ ਕਿ ਮੈਂ ਬਾਹਰ ਕਿਸੇ ਕੰਮ ਗਿਆ ਹੋਇਆ ਸੀ, ਮੇਰੇ ਗਏ ਤੋ ਬਾਅਦ ਮੇਰੇ ਸੀਰੀ ਨੇ ਅੱਗ ਲਾ ਦਿੱਤੀ ਹੈ।

# ਜ਼ਿਲੇ ਦੀਆਂ ਤਿੰਨ ਨਗਰ ਕੌਂਸਲਾਂ ਦੇ 64232 ਵੋਟਰ ਕਰਨਗੇ 148 ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ

## ● ਚੋਣਾਂ ਨੂੰ ਨਿਰਵਿਘਨ ਢੰਗ ਨਾਲ ਨੇਪਰੇ ਚਾੜ੍ਹਨ ਲਈ 533 ਚੋਣ ਅਮਲਾ ਤਾਇਨਾਤ : ਜ਼ਿਲ੍ਹਾ ਚੋਣ ਅਫ਼ਸਰ ● ਜ਼ਿਲ੍ਹੇ ਦੀਆਂ ਤਿੰਨ ਨਗਰ ਕੌਂਸਲਾਂ ਬੰਗਾਂ, ਨਵਾਂ ਸ਼ਹਿਰ ਤੇ ਰਾਹੋਂ ਦੀਆਂ ਕੁੱਲ 45 ਵਾਰਡਾਂ 'ਚ ਪੈਣੀਆਂ 26 ਮਈ ਨੂੰ ਵੋਟਾਂ, 29 ਮਈ ਨੂੰ ਹੋਵੇਗੀ ਗਿਣਤੀ

**ਸ਼ਹੀਦ ਭਗਤ ਸਿੰਘ ਨਗਰ, 24 ਮਈ (ਜਤਿੰਦਰ ਪਾਲ ਸਿੰਘ ਕਲੇਰ )** ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਗੁਲਪ੍ਰੀਤ ਸਿੰਘ ਔਲਖ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਰਾਜ ਚੋਣ ਕਮਿਸ਼ਨ ਵਲੋਂ ਜ਼ਿਲ੍ਹੇ ਦੀਆਂ ਤਿੰਨ ਨਗਰ ਕੌਂਸਲਾਂ ਬੰਗਾਂ, ਨਵਾਂ ਸ਼ਹਿਰ ਤੇ ਰਾਹੋਂ ਲਈ 26 ਮਈ ਨੂੰ ਹੋਣ ਜਾ ਰਹੀਆਂ ਚੋਣਾਂ ਨੂੰ ਨਿਰਪੱਖ , ਸੁਤੰਤਰਤਾ ਅਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇਗਾ। ਸ਼੍ਰੀ ਔਲਖ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਨਗਰ ਕੌਂਸਲ ਚੋਣਾਂ ਲਈ ਕੁੱਲ 64232 ਵੋਟਰ ਹਨ ਜਿਨ੍ਹਾਂ ਵਿੱਚ 32341 ਪੁਰਸ਼ ਅਤੇ 31881 ਮਹਿਲਾ ਅਤੇ 10 ਅਦਰ ਵੋਟਰ ਸ਼ਾਮਿਲ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਨਗਰ ਕੌਂਸਲ ਬੰਗਾਂ



ਵਿੱਚ ਕੁੱਲ 15832 ਵੋਟਰ ਹਨ ਜਿਨ੍ਹਾਂ ਵਿੱਚ 7909 ਪੁਰਸ਼ ਅਤੇ 7922 ਮਹਿਲਾ ਤੇ 3 ਅਦਰ ਵੋਟਰ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਨਗਰ ਕੌਂਸਲ ਨਵਾਂ ਸ਼ਹਿਰ ਵਿੱਚ ਕੁੱਲ 36985 ਵੋਟਰ ਜਿਨ੍ਹਾਂ ਵਿੱਚ 18593 ਪੁਰਸ਼ ਤੇ 18388 ਮਹਿਲਾ ਅਤੇ 4 ਅਦਰ ਵੋਟਰ ਅਤੇ ਇਸੇ ਤਰ੍ਹਾਂ ਨਗਰ ਕੌਂਸਲ ਰਾਹੋਂ ਵਿੱਚ ਕੁੱਲ 11415 ਵੋਟਰ ਹਨ ਜਿਨ੍ਹਾਂ ਵਿੱਚ 5841 ਪੁਰਸ਼ ਅਤੇ 5571 ਮਹਿਲਾ ਤੇ 3 ਅਦਰ ਵੋਟਰ ਸ਼ਾਮਿਲ ਹਨ ਵਲੋਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ ਜਾਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਨਗਰ ਕੌਂਸਲ ਦੀਆਂ 45 ਵਾਰਡਾਂ ਦੀਆਂ ਚੋਣਾਂ ਲਈ 148 ਉਮੀਦਵਾਰ ਚੋਣ ਮੈਦਾਨ ਵਿੱਚ ਹਨ। ਉਨ੍ਹਾਂ ਦੱਸਿਆ ਕਿ ਨਗਰ ਕੌਂਸਲ ਬੰਗਾਂ ਦੀਆਂ 15 ਵਾਰਡਾਂ ਲਈ 52 ਉਮੀਦਵਾਰ, ਨਗਰ ਕੌਂਸਲ ਨਵਾਂ ਸ਼ਹਿਰ ਦੀਆਂ 19 ਵਾਰਡਾਂ ਲਈ 70 ਅਤੇ ਨਗਰ ਕੌਂਸਲ ਰਾਹੋਂ ਦੀਆਂ 11 ਵਾਰਡਾਂ ਲਈ 26 ਉਮੀਦਵਾਰ ਵੱਖ-ਵੱਖ ਰਾਜਨੀਤਿਕ ਪਾਰਟੀਆਂ ਵਲੋਂ ਚੋਣ ਲੜ ਰਹੇ ਹਨ। ਸ਼੍ਰੀ ਔਲਖ ਨੇ ਅੱਗੇ ਦੱਸਿਆ ਕਿ ਵੋਟ ਪ੍ਰਕਿਰਿਆ ਨੂੰ ਨਿਰਵਿਘਨ ਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ 533 ਚੋਣ ਅਮਲਾ ਤਾਇਨਾਤ ਕੀਤਾ ਗਿਆ ਹੈ ਜਿਨ੍ਹਾਂ ਵਿੱਚ 355 ਪੋਲਿੰਗ ਸਟਾਫ਼ ਅਤੇ 178 ਰਿਜਰਵ ਸਟਾਫ਼ ਸ਼ਾਮਿਲ ਹੈ। ਉਨ੍ਹਾਂ ਦੱਸਿਆ ਕਿ 26 ਮਈ 2026 ਨੂੰ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਵੋਟਾਂ ਪੈਣਗੀਆਂ ਤੇ ਵੋਟਾਂ ਦੀ ਗਿਣਤੀ 29 ਮਈ 2026 ਨੂੰ ਹੋਵੇਗੀ। ਉਨ੍ਹਾਂ ਨਗਰ ਕੌਂਸਲਾਂ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਬਿਨ੍ਹਾਂ ਕਿਸੇ ਡਰ, ਭੈਅ ਅਤੇ ਲਾਲਚ ਤੋਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ।ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਵੱਲੋਂ ਵੋਟ ਪ੍ਰਕਿਰਿਆ ਸੁਚਾਰੂ ਢੰਗ ਨਾਲ ਕਰਵਾਉਣ ਲਈ ਸਾਰੇ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਗਏ ਹਨ।

# ਪ੍ਰੀਤ ਕੌਰ ਗਿੱਲ ਦੀ ਮੰਤਰੀ ਅਹੁਦੇ 'ਤੇ ਨਿਯੁਕਤੀ ਦਾ ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਵੱਲੋਂ ਸਵਾਗਤ

**ਲੈਸਟਰ (ਇੰਗਲੈਂਡ), 24 ਮਈ (ਸੁਖਜਿੰਦਰ ਸਿੰਘ ਢੱਡੇ)-** ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਵੱਲੋਂ ਪ੍ਰੀਤ ਕੌਰ ਗਿੱਲ ਨੂੰ ਸਿਹਤ ਅਤੇ ਸਮਾਜਿਕ ਦੇਖਭਾਲ ਵਿਭਾਗ ਵਿੱਚ ਸੰਸਦੀ ਉਪ ਮੰਤਰੀ ਨਿਯੁਕਤ ਕੀਤੇ ਜਾਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ ਸਿੱਖ, ਪੰਜਾਬੀ, ਭਾਰਤੀ ਅਤੇ ਸਮੂਹ ਏਸ਼ੀਆਈ ਭਾਈਚਾਰਿਆਂ ਲਈ ਮਾਣ ਵਾਲਾ ਪਲ ਕਰਾਰ ਦਿੱਤਾ ਗਿਆ ਹੈ।



ਬਰਮਿੰਘਮ ਐਜਬਾਸਟਨ ਤੋਂ ਲੇਬਰ ਪਾਰਟੀ ਦੀ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ ਹੁਣ ਸਰਕਾਰ ਵਿੱਚ ਅਹਿਮ ਜ਼ਿੰਮੇਵਾਰੀ ਨਿਭਾਉਣ ਵਾਲੀਆਂ ਪ੍ਰਮੁੱਖ ਸਿੱਖ ਮਹਿਲਾਵਾਂ ਵਿੱਚ ਸ਼ਾਮਲ ਹੋ ਗਈਆਂ ਹਨ। ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਨੇ ਕਿਹਾ ਕਿ ਇਹ ਨਿਯੁਕਤੀ ਬਰਤਾਨੀਆ ਦੇ ਜਨਤਕ ਜੀਵਨ ਵਿੱਚ ਵਿਭਿੰਨਤਾ ਅਤੇ ਨੁਮਾਇੰਦਗੀ ਵੱਲ ਇੱਕ ਹੋਰ ਅਹਿਮ ਕਦਮ ਹੈ।

ਇਸ ਸਬੰਧੀ ਪ੍ਰਤੀਕਿਰਿਆ ਦਿੰਦਿਆਂ ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ ਕਿ ਪ੍ਰੀਤ ਕੌਰ ਗਿੱਲ ਦੀ ਨਿਯੁਕਤੀ ਨਾ ਸਿਰਫ਼ ਸਿੱਖ ਅਤੇ ਪੰਜਾਬੀ ਭਾਈਚਾਰੇ ਲਈ, ਸਗੋਂ ਪੂਰੇ ਬਰਤਾਨੀਆ ਵਿੱਚ ਵੱਸਦੇ ਭਾਰਤੀ ਅਤੇ ਏਸ਼ੀਆਈ ਮੂਲ ਦੇ ਲੋਕਾਂ ਲਈ ਵੀ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਇਸ ਗੱਲ ਦਾ ਸਬੂਤ ਹੈ ਕਿ ਸਾਡੇ ਭਾਈਚਾਰੇ ਬਰਤਾਨਵੀ ਸਮਾਜ ਅਤੇ ਜਨਤਕ ਜੀਵਨ ਵਿੱਚ ਲਗਾਤਾਰ ਸਕਾਰਾਤਮਕ ਯੋਗਦਾਨ ਪਾ ਰਹੇ ਹਨ।

ਉਨ੍ਹਾਂ ਕਿਹਾ ਕਿ ਪ੍ਰੀਤ ਕੌਰ ਗਿੱਲ ਨੇ ਲੋਕ ਸੇਵਾ ਵਿੱਚ ਆਪਣੀ ਲਗਨ, ਨਿਭਾਅ ਅਤੇ ਸਮਰਪਣ ਦਾ ਪ੍ਰਮਾਣ ਦਿੱਤਾ ਹੈ। ਉਨ੍ਹਾਂ ਦੀ ਇਹ ਨਿਯੁਕਤੀ ਖ਼ਾਸ ਕਰਕੇ ਘੱਟ ਗਿਣਤੀ ਭਾਈਚਾਰਿਆਂ ਨਾਲ ਸੰਬੰਧਿਤ ਨੌਜਵਾਨ ਮਹਿਲਾਵਾਂ ਲਈ ਪ੍ਰੇਰਣਾ ਸਰੂਪ ਹੈ ਕਿ ਮਿਹਨਤ ਅਤੇ ਦ੍ਰਿੜ ਨਿਸ਼ਚੇ ਨਾਲ ਹਰ ਰੁਕਾਵਟ ਨੂੰ ਪਾਰ ਕੀਤਾ ਜਾ ਸਕਦਾ ਹੈ।

ਸੀਤਲ ਸਿੰਘ ਗਿੱਲ ਨੇ ਕਿਹਾ ਕਿ ਅਜਿਹੇ ਸਮੇਂ ਵਿੱਚ ਜਦੋਂ ਬਰਾਬਰੀ ਅਤੇ ਨੁਮਾਇੰਦਗੀ ਦੀ ਮਹੱਤਤਾ ਹੋਰ ਵੱਧ ਗਈ ਹੈ, ਵੱਖ-ਵੱਖ ਭਾਈਚਾਰਿਆਂ ਨਾਲ ਸੰਬੰਧਿਤ ਯੋਗ ਵਿਅਕਤੀਆਂ ਨੂੰ ਸਰਕਾਰ ਵਿੱਚ ਅਗਵਾਈ ਵਾਲੀਆਂ ਭੂਮਿਕਾਵਾਂ ਮਿਲਣਾ ਹੌਸਲਾ ਅਫਜ਼ਾਈ ਵਾਲੀ ਗੱਲ ਹੈ। ਉਨ੍ਹਾਂ ਪ੍ਰੀਤ ਕੌਰ ਗਿੱਲ ਨੂੰ ਨਵੀਆਂ ਜ਼ਿੰਮੇਵਾਰੀਆਂ ਲਈ ਵਧਾਈ ਦਿੰਦਿਆਂ ਕਿਹਾ ਕਿ ਉਮੀਦ ਹੈ ਉਹ ਇੱਕ ਨਿਰਪੱਖ ਅਤੇ ਸਿਹਤਮੰਦ ਸਮਾਜ ਦੀ ਉਸਾਰੀ ਲਈ ਆਪਣਾ ਯੋਗਦਾਨ ਜਾਰੀ ਰੱਖਣਗੇ।ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਨੇ ਕਿਹਾ ਕਿ ਇਹ ਨਿਯੁਕਤੀ ਬਰਤਾਨੀਆ ਦੇ ਵਿਭਿੰਨ ਭਾਈਚਾਰਿਆਂ ਦੀ ਲਗਾਤਾਰ ਤਰੱਕੀ ਨੂੰ ਦਰਸਾਉਂਦੀ ਹੈ ਅਤੇ ਇਸ ਨਾਲ ਰਾਜਨੀਤਿਕ ਅਤੇ ਜਨਤਕ ਸੰਸਥਾਵਾਂ ਵਿੱਚ ਘੱਟ ਗਿਣਤੀ ਭਾਈਚਾਰਿਆਂ ਦੀ ਭਾਗੀਦਾਰੀ ਹੋਰ ਮਜ਼ਬੂਤ ਹੋਵੇਗੀ।

# ਪੰਜਾਬ ਵਿੱਚ ਦਿਨ ਦਿਹਾੜੇ ਹੋ ਰਹੇ ਕਤਲਾਂ ਦੀਆਂ ਵਾਰਦਾਤਾਂ ਨੇ ਪੰਜਾਬ ਸਰਕਾਰ ਦੀ ਹਾਲਤ ਬਣਾਈ ਤਰਸਯੋਗ

## ਸਮਾਜ ਵਿਰੋਧੀ ਅਨਸਰ ਫਿਰਦੇ ਹਨ ਦਨਦਨਾਉਦੇ ਪੰਜਾਬ ਸਰਕਾਰ ਬੇਖਬਰ : ਦੀਪਾ ਸਰਪੰਚ ਨਿੱਘੀ



**ਨਵਾਂਸ਼ਹਿਰ /ਕਾਠਗੜ੍ਹ 24 ਮਈ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਇਨੀ ਨਿੱਘਰ ਚੁੱਕੀ ਜਿਸ ਨੂੰ ਬਿਆਨ ਕਰਨਾ ਬਹੁਤ ਹੀ ਔਖਾ ਹੈ। ਜਿੱਥੇ ਕਾਨੂੰਨ ਦੇ ਰਖਵਾਲਿਆਂ ਨੂੰ ਦਿਨ ਦਿਹਾੜੇ ਅਣਪਛਾਤੇ ਆਦਮੀਆਂ ਗੋਲੀਆ ਮਾਰਕੇ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ। ਉੱਥੇ ਆਮ ਆਦਮੀ ਦੀ ਜ਼ਿੰਦਗੀ ਦੀ ਰਖਵਾਲੀ ਕੋਣ ਕਰ ਸਕਦਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਸੀਨੀਅਰ ਆਗੂ ਦੀਪਾ ਸਰਪੰਚ ਨਿੱਘੀ ਨੇ ਇੱਕ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਨੇ ਹੈਰਾਨੀ ਪ੍ਰਗਟ ਕੀਤੀ ਕਿ ਮਜੀਠਾ ਵਿੱਚ ਡਿਊਟੀ ਕਰ ਰਹੇ ਏ ਐਸ ਆਈ ਜੋਗਾ ਸਿੰਘ ਨੂੰ ਸਮਾਜ ਵਿਰੋਧੀ ਅਨਸਰਾਂ ਵਲੋਂ ਦਿਨ ਦਿਹਾੜੇ ਗੋਲੀਆਂ ਮਾਰ ਕੇ ਖਤਮ ਕਰ ਦੇਣਾ ਜਿੱਥੇ ਇਨਸਾਨੀਅਤ ਲਈ ਘਾਤਕ ਸੁਨੇਹਾ ਦਿੱਤਾ ਜਾਂਦਾ ਹੈ। ਉੱਥੇ ਪੰਜਾਬ ਸਰਕਾਰ ਦੀ ਨਾਅਹਿਲੀਅਤ ਨੂੰ ਦਰਸਾਉਂਦਾ ਹੈ। ਹੈਰਾਨੀ ਦੀ ਗੱਲ ਹੈ ਪੰਜਾਬ ਭਰ ਵਿੱਚ ਰੋਜ਼ਾਨਾ ਅਜਿਹੀਆਂ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀਆਂ ਘਟਨਾਵਾਂ ਹਰ ਰੋਜ ਵਾਪਰਦੀਆਂ ਹਨ ।ਪਰ ਪੰਜਾਬ ਸਰਕਾਰ ਦੇ ਕੰਨ ਤੇ ਜੂੰ ਨਹੀਂ ਤੱਕ ਨਹੀਂ ਸਰਕਦੀ। ਦੀਪਾ ਸਰਪੰਚ ਨਿੱਘੀ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਰੋਜ਼ਾਨਾ ਹੀ ਵਾਪਸ ਰਹੀਆਂ ਹਨ ਅਤੇ ਸਰਕਾਰ ਨੂੰ ਅਜਿਹੀਆਂ ਘਟਨਾਵਾਂ ਦੀ ਜਿੰਮੇਵਾਰੀ ਲੈਂਦਿਆਂ ਤੁਰੰਤ ਅਸਤੀਫਾ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਮ੍ਰਿਤਕ ਏ ਐਸ ਆਈ ਜੋਗਾਂ ਦੇ ਪਰਿਵਾਰ ਨਾਲ ਗਹਿਰੇ ਦੁੱਖ ਪ੍ਰਗਟਾਵਾ ਕਰਦਿਆਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਹੈ। ਕਿ ਪ੍ਰਮਾਤਮਾ ਇਸ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਬ੍ਰਿਲੀਕੋ ਇੰਸਟੀਚਿਊਟ ਲੁਧਿਆਣਾ ਵਿੱਚ ਇੱਕ ਮੁਫ਼ਤ 3-ਦਿਨਾਂ ਰਚਨਾਤਮਕ ਹੁਨਰ ਬੂਟਕੈਂਪ ਦਾ ਆਯੋਜਨ ਕਰੇਗਾ

## ਵਿਦਿਆਰਥੀਆਂ ਨੂੰ ਗ੍ਰਾਫਿਕਸ, ਐਨੀਮੇਸ਼ਨ, ਵੀਐਫਐਕਸ ਅਤੇ ਗੇਮਿੰਗ ਵਿੱਚ ਪ੍ਰੈਕਟੀਕਲ ਸਿਖਲਾਈ ਮਿਲੇਗੀ।



**ਲੁਧਿਆਣਾ ਮਈ 24 (ਕਰਨੈਲ ਸਿੰਘ ਐੱਮ.ਏ.)** ਬ੍ਰਿਲੀਕੋ ਇੰਸਟੀਚਿਊਟ 27, 28 ਅਤੇ 29 ਮਈ ਨੂੰ ਲੁਧਿਆਣਾ ਵਿੱਚ ਇੱਕ ਮੁਫ਼ਤ 3-ਦਿਨਾਂ ਰਚਨਾਤਮਕ ਹੁਨਰ ਬੂਟਕੈਂਪ ਦਾ ਆਯੋਜਨ ਕਰ ਰਿਹਾ ਹੈ। ਇਸ ਬੂਟਕੈਂਪ ਦਾ ਉਦੇਸ਼ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਐਨੀਮੇਸ਼ਨ, ਵੀਐਫਐਕਸ , ਗ੍ਰਾਫਿਕਸ ਡਿਜ਼ਾਈਨ, ਗੇਮਿੰਗ ਅਤੇ ਡਿਜ਼ੀਟਲ ਸਮੱਗਰੀ ਸਿਰਜਣਾ ਵਰਗੇ ਤੇਜ਼ੀ ਨਾਲ ਵਧ ਰਹੇ ਰਚਨਾਤਮਕ ਖੇਤਰਾਂ ਨਾਲ ਜਾਣੂ ਕਰਵਾਉਣਾ ਹੈ।ਇਸ ਵਿਸ਼ੇਸ਼ ਬੂਟਕੈਂਪ ਵਿੱਚ, ਵਿਦਿਆਰਥੀਆਂ ਨੂੰ ਉਦਯੋਗ ਮਾਹਿਰਾਂ ਤੋਂ ਲਾਈਵ ਡੈਮੋ, ਪ੍ਰੈਕਟੀਕਲ ਸਿਖਲਾਈ, ਕਰੀਅਰ ਮਾਰਗਦਰਸ਼ਨ ਅਤੇ ਕੀਮਤੀ ਉਦਯੋਗ ਜਾਣਕਾਰੀ ਪ੍ਰਾਪਤ ਹੋਵੇਗੀ। ਪ੍ਰੋਗਰਾਮ ਦੌਰਾਨ, ਵਿਦਿਆਰਥੀਆਂ ਨੂੰ ਆਧੁਨਿਕ ਰਚਨਾਤਮਕ ਤਕਨਾਲੋਜੀਆਂ ਅਤੇ ਮੀਡੀਆ ਉਦਯੋਗ ਵਿੱਚ ਉਪਲਬਧ ਕਰੀਅਰ ਦੇ ਮੌਕਿਆਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਸੰਸਥਾ ਦੇ ਅਨੁਸਾਰ, ਮੀਡੀਆ ਅਤੇ ਮਨੋਰੰਜਨ ਉਦਯੋਗ ਵਿੱਚ ਹੁਨਰ-ਅਧਾਰਤ ਪੇਸ਼ੇਵਰਾਂ ਦੀ ਮੰਗ ਤੇਜ਼ੀ ਨਾਲ ਵੱਧ ਰਹੀ ਹੈ, ਅਤੇ ਇਸ ਬੂਟਕੈਂਪ ਦਾ ਉਦੇਸ਼ ਵਿਦਿਆਰਥੀਆਂ ਨੂੰ ਭਵਿੱਖ ਲਈ ਤਿਆਰ ਕਰਨਾ ਹੈ। ਇਸ ਮੌਕੇ 'ਤੇ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਸੁਨੀਲ ਨੰਦਾ ਨੇ ਕਿਹਾ ਅੱਜ ਦੇ ਨੌਜਵਾਨਾਂ ਨੂੰ ਸਿਰਫ਼ ਡਿਗਰੀ ਤੋਂ ਵੱਧ, ਸਗੋਂ ਉਦਯੋਗ-ਤਿਆਰ ਹੁਨਰਾਂ ਦੀ ਲੋੜ ਹੈ। ਇਸ ਬੂਟਕੈਂਪ ਰਾਹੀਂ, ਅਸੀਂ ਵਿਦਿਆਰਥੀਆਂ ਨੂੰ ਰਚਨਾਤਮਕ ਉਦਯੋਗ ਦੀ ਅਸਲ ਦੁਨੀਆਂ ਨਾਲ ਜੋੜਨਾ ਚਾਹੁੰਦੇ ਹਾਂ ਤਾਂ ਜੋ ਉਹ ਆਪਣੇ ਕਰੀਅਰ ਨੂੰ ਸਹੀ ਦਿਸ਼ਾ ਵਿੱਚ ਲੈ ਜਾ ਸਕਣ। ਬੂਟਕੈਂਪ ਦਾ ਸਮਾਂ-ਸਾਰਣੀ ਇਸ ਪ੍ਰਕਾਰ ਹੋਵੇਗੀ ਪਹਿਲੇ ਦਿਨ ਗ੍ਰਾਫਿਕਸ ਡਿਜ਼ਾਈਨ, ਦੂਜੇ ਦਿਨ ਐਨੀਮੇਸ਼ਨ ਅਤੇ ਵੀਐਫਐਕਸ, ਤੀਜੇ ਦਿਨ ਗੇਮਿੰਗ ਅਤੇ ਡਿਜ਼ੀਟਲ ਰਚਨਾਤਮਕਤਾ ।ਬ੍ਰਿਲੀਕੋ ਇੰਸਟੀਚਿਊਟ ਕਈ ਸਾਲਾਂ ਤੋਂ ਹੁਨਰ-ਅਧਾਰਤ ਸਿੱਖਿਆ ਦੇ ਖੇਤਰ ਵਿੱਚ ਕੰਮ ਕਰ ਰਿਹਾ ਹੈ ਅਤੇ ਦੇਸ਼ ਭਰ ਵਿੱਚ ਹਜ਼ਾਰਾਂ ਵਿਦਿਆਰਥੀਆਂ ਨੂੰ ਸਿਖਲਾਈ ਦੇ ਰਿਹਾ ਹੈ। ਸੰਸਥਾ ਨੇ ਕਿਹਾ ਕਿ ਬੂਟਕੈਂਪ ਵਿੱਚ ਭਾਗੀਦਾਰੀ ਪੂਰੀ ਤਰ੍ਹਾਂ ਮੁਫਤ ਹੈ, ਪਰ ਸੀਮਿਤ ਸੀਟਾਂ ਕਾਰਨ, ਪਹਿਲਾਂ ਰਜਿਸਟ੍ਰੇਸ਼ਨ ਦੀ ਲੋੜ ਹੈ।

# ਰੂਪਨਗਰ ਸ਼ਹਿਰ ਦੇ ਵੋਟਰ ਕਾਂਗਰਸ ਨੂੰ ਵੱਡੇ ਫਰਕ ਨਾਲ ਜਿਤਾਉਣਗੇ: ਸੁਰਿੰਦਰ ਸਿੰਘ ਹਰੀਪੁਰ



ਰੂਪਨਗਰ ਵਿਖੇ ਕਾਂਗਰਸ ਦੇ ਉਮੀਦਵਾਰਾ ਦੇ ਹੱਕ ਵਿੱਚ ਚੋਣ ਪ੍ਰਚਾਰ ਦੌਰਾਨ ਸੁਰਿੰਦਰ ਸਿੰਘ ਹਰੀਪੁਰ ਤੇ ਉਨ੍ਹਾਂ ਦੇ ਸਾਥੀ।

**ਰੂਪਨਗਰ, 24 ਮਈ(ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਯੂਥ ਕਾਂਗਰਸ ਰੂਪਨਗਰ ਦੇ ਸਾਬਕਾ ਪ੍ਰਧਾਨ ਸੁਰਿੰਦਰ ਸਿੰਘ ਹਰੀਪੁਰ ਵੱਲੋ ਨਗਰ ਕੌਂਸਲ ਰੂਪਨਗਰ ਤੋਂ ਕੌਂਸਲਰ ਦੀ ਚੋਣ ਲੜ ਰਹੇ ਕਾਂਗਰਸੀ ਆਗੂ ਵਾਰਡ ਨੰ 11 ਤੋ ਅਸ਼ੋਕ ਵਾਹੀ ,ਵਾਰਡ ਨੰ 6 ਤੋ ਨੀਰੂ ਰਾਣੀ ,ਵਾਰਡ ਨੰ 10 ਤੋ ਪ੍ਰਦੀਪ ਕੋਰ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦਿਆਂ ਕਿਹਾ ਕਿ ਜਿੱਥੇ ਅਸ਼ੋਕ ਵਾਹੀ ਕਾਫੀ ਸੂਝਵਾਨ ਤੇ ਤਜਰਬੇਕਾਰ ਸਿਆਸਤਦਾਨ ਹਨ ਉੱਥੇ ਕਾਗਰਸ ਦੇ ਸਾਰੇ ਉਮੀਦਵਾਰ ਜਿੱਤ ਕੇ ਆਉਣ ਵਾਲੀਆ 2027 ਦੀਆ ਚੋਣਾਂ ਦਾ ਮੁੱਢ ਬੰਨ੍ਹਣਗੇ ਇਸ ਮੌਕੇ ਉਮੀਦਵਾਰ ਅਸ਼ੋਕ ਵਾਹੀ ਨੇ ਕਿਹਾ ਕਿ ਉਹ ਚੋਣ ਜਿੱਤਣ ਉਪਰੰਤ ਲੋਕਾਂ ਦੀਆਂ ਉਮੀਦਾਂ ਤੇ ਖਰੇ ਉਤਰਦੇ ਹੋਏ ਆਪਣੇ ਵਾਰਡ ਅਤੇ ਸ਼ਹਿਰ ਦਾ ਵਿਕਾਸ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਇਸ ਮੌਕੇ ਉਨ੍ਹਾਂ ਦੇ ਨਾਲ ਕਾਂਗਰਸ ਦੇ ਜ਼ਿਲ੍ਹਾ ਜਨਰਲ ਸਕੱਤਰ ਬਾਲਕ੍ਰਿਸ਼ਨ ਬਿੱਟੂ, ਸਰਪੰਚ ਨਿਰਮਲ ਸਿੰਘ ,ਸਾਬਕਾ ਸਰਪੰਚ ਸਮਸ਼ੇਰ ਸਿੰਘ ਪੱਪੂ ਤੇ ਦੁਕਾਨਦਾਰ ਐਸੋਸੀਏਸ਼ਨ ਪੁਰਖਾਲੀ ਦੇ ਪ੍ਰਧਾਨ ਦੀਪਕ ਗੁਪਤਾ ਵੀ ਹਾਜ਼ਰ ਸਨ।

# ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦਾ ਪੰਜਵਾਂ ਦਿਨ

## ਸੀਨੀਅਰ ਵਰਗ ਵਿੱਚ ਨੀਟਾ ਕਲੱਬ ਰਾਮਪੁਰ ਅਤੇ ਘਵੱਦੀ ਸੈਮੀ ਫਾਈਨਲ ਵਿੱਚ ਪੁੱਜੇ








**ਲੁਧਿਆਣਾ 24 ਮਈ (ਕਰਨੈਲ ਸਿੰਘ ਐੱਮ.ਏ.)** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟ੍ਰਸਟ ਪਿੰਡ ਜਰਖੜ ਵੱਲੋਂ ਕਰਵਾਏ ਜਾ ਰਹੇ 16ਵੇਂ ਜੇ. ਐਸ.ਟੀ. ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਟੂਰਨਾਮੈਂਟ ਦੇ ਪੰਜਵੇਂ ਦਿਨ ਜਿੱਥੇ ਸੀਨੀਅਰ ਵਰਗ ਵਿੱਚ ਨੀਟਾ ਕਲੱਬ ਰਾਮ-ਪੁਰ ਅਤੇ ਗਿੱਲ ਕਲੱਬ ਘਵੱਦੀ ਨੇ ਆਪੋ ਆਪਣੇ ਮੈਚ ਜਿੱਤ ਕੇ ਸੈਮੀ ਫਾਈਨਲ ਵਿੱਚ ਪ੍ਰਵੇਸ਼ ਕੀਤਾ, ਉਥੇ ਜੂਨੀਅਰ ਵਰਗ ਵਿੱਚ ਏਕ ਨੂਰ ਅਕੈਡਮੀ ਤੇਹਿੰਗ ਅਤੇ ਐਚਟੀਸੀ ਸੈਂਟਰ ਰਾਮਪੁਰ ਨੇ ਵੀ ਜਿੱਤ ਹਾਸਲ ਕੀਤੀਆਂ।

ਸੀਨੀਅਰ ਵਰਗ ਨੀਟਾ ਕਲੱਬ ਰਾਮਪੁਰ ਨੇ ਆਪਣੇ ਆਖਰੀ ਲੀਗ ਵਿੱਚ ਬਾਬਾ ਸ਼ੇਰ ਸ਼ਾਹ ਬਲੀ ਹਾਕੀ ਅਕੈਡਮੀ ਫਿਰੋਜਪੁਰ ਦੇ ਨਾਲ ਮੁਕਾਬਲਾ 3-3 ਗੋਲਾਂ ਦੀ ਬਰਾਬਰੀ ਤੇ ਖੇਡਦਿਆਂ ਸ਼ੂਟ ਆਊਟ ਵਿੱਚ 2-1 ਨਾਲ ਜਿੱਤ ਹਾਸਲ ਕੀਤੀ ਇਸ ਤਰ੍ਹਾਂ ਨੀਟਾ ਕਲੱਬ ਰਾਮਪੁਰ ਦੀ ਟੀਮ ਨੇ ਲੀਗ ਦੌਰ ਵਿੱਚ ਕੁੱਲ 11 ਅੰਕ ਹਾਸਲ ਕਰਕੇ ਸੈਮੀ ਫਾਈਨਲ ਵਿੱਚ ਪ੍ਰਵੇਸ਼ ਪਾਇਆ । ਦੂਜੇ ਲੀਗ ਮੈਚ ਵਿੱਚ ਗਿੱਲ ਕਲੱਬ ਘਵੱਦੀ ਨੇ ਯੰਗ ਕਲੱਬ ਉਟਾਲਾ ਨੂੰ 7-3 ਗੋਲਾਂ ਨਾਲ ਹਰਾ ਕੇ ਲਗਾਤਾਰ ਤੀਸਰੀ ਜਿੱਤ ਹਾਸਿਲ ਕਰਦਿਆ ਸੈਮੀ ਫਾਈਨਲ ਵਿੱਚ ਆਪਣਾ ਦਾਖ਼ਲਾ ਪੱਕਾ ਕੀਤਾ, ਜਦਕਿ ਜੂਨੀਅਰ ਵਰਗ ਵਿੱਚ ਐਚਟੀਸੀ ਸੈਂਟਰ ਰਾਮਪੁਰ ਨੇ ਵੱਡਾ ਉਲਟ ਫੇਰ ਕਰਦਿਆਂ ਖਿਤਾਬ ਦੀ ਦਾਅਵੇਦਾਰ ਗੁਰੂ ਤੇਗ ਬਹਾਦਰ ਅਕੈਡਮੀ ਚਚਰਾੜੀ ਨੂੰ 3-3 ਗੋਲਾਂ ਦੀ ਬਰਾਬਰੀ ਤੇ ਰੋਕਦਿਆਂ ਪਨੈਲਟੀ ਸ਼ੂਟ ਆਊਟ ਵਿੱਚ 3-2 ਨਾਲ ਜਿੱਤ ਹਾਸਲ ਕੀਤੀ ਜਦਕਿ ਜੂਨੀਅਰ ਵਰਗ ਦੇ ਦੂਸਰੇ ਮੁਕਾਬਲੇ ਵਿੱਚ ਏਕ ਨੂਰ ਅਕੈਡਮੀ ਤਹਿੰਗ ਨੇ ਸੰਗਰੂਰ ਹਾਕੀ ਅਕੈਡਮੀ ਨੂੰ 3-3 ਗੋਲਾਂ ਦੀ ਬਰਾਬਰੀ ਤੋਂ ਬਾਅਦ ਪਨੈਲਟੀ ਸ਼ੂਟ ਆਊਟ ਵਿੱਚ 2-1 ਗੋਲਾਂ ਨਾਲ ਹਰਾਇਆ। ਇਸ ਮੌਕੇ ਕੌਮੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਹਾਕੀ ਖਿਡਾਰੀ ਸੁਨੀਲ ਕੁਮਾਰ ਕੈਟ ਸੈਕਟਰੀ ਸਪੋਰਟਸ ਰੇਲਵੇ ਫਿਰੋਜ਼ਪੁਰ, ਪਲਵਿੰਦਰ ਸਿੰਘ ਗੋਲੂ ਰਾਮਪੁਰ, ਜਸਦੇਵ ਸਿੰਘ ਹੀਰਾ ਨਾਰਦਨ ਰੇਲਵੇ ਲੁਧਿਆਣਾ, ਚਰਨਜੀਤ ਸਿੰਘ ਬਿੱਲਾ ਪੰਜਾਬ ਪੁਲਿਸ ਨੂੰ ਉਹਨਾਂ ਦੇ ਹਾਕੀ ਕੈਰੀਅਰ ਦੀਆਂ ਵਧੀਆ ਸੇਵਾਵਾਂ ਬਦਲੇ ਸਨਮਾਨਿਤ ਕੀਤਾ ।

ਇਸ ਮੌਕੇ ਹਰਦੀਪ ਸਿੰਘ ਬੀਰਮਪੁਰ ਰੇਲਵੇ ਅੰਤਰਾਸ਼ਟਰੀ ਵੇਟ ਲਿਫਟਰ, ਅਮਰੀਕ ਸਿੰਘ ਮਨਿਆਸ ਏਆਈਜੀ, ਰਛਪਾਲ ਸਿੰਘ ਨਾਗੀ ਨੇ ਵੱਖ-ਵੱਖ ਮੈਚਾਂ ਦੌਰਾਨ ਟੀਮਾਂ ਦੇ ਨਾਲ ਮੁੱਖ ਮਹਿਮਾਨ ਵਜੋਂ ਜਾਣ ਪਹਿਚਾਣ ਕੀਤੀ। ਇਸ ਮੌਕੇ ਬੂਟਾ ਸਿੰਘ ਸਿੱਧੂ ਨੇ ਜਰਖੜ ਖੇਡਾਂ ਦੀ ਆਪਣੀ ਖਿੱਚੀ ਕਲਾਕਾਰੀ ਦੀ ਵਿਲੱਖਣ ਫੋਟੋ ਪ੍ਰਬੰਧਕਾਂ ਨੂੰ ਭੇਂਟ ਕੀਤੀ। ਇਸ ਮੌਕੇ ਬਾਬਾ ਰੁਲਦਾ ਸਿੰਘ ਸਾਇਆਂ ਕਲਾਂ, ਬਾਬਾ ਗੁਰਬਖਸ਼ ਸਿੰਘ ਘਵੱਦੀ , ਸ਼ਿੰਗਾਰਾ ਸਿੰਘ ਜਰਖੜ, ਗੁਰ ਸਤਿੰਦਰ ਸਿੰਘ ਪ੍ਰਗਟ, ਕੁਲਦੀਪ ਸਿੰਘ ਘਵੱਦੀ, ਗੁਰਤੇਜ ਸਿੰਘ ਲਾਡੀ ਸੁਧਾਰ, ਸਰਬਜੀਤ ਸਿੰਘ ਬੱਲ ਫਿਰੋਜ਼ਪੁਰ, ਬੂਟਾ ਸਿੰਘ ਸਿੱਧੂ ਦੋਰਾਹਾ, ਦਲਵੀਰ ਸਿੰਘ ਜਰਖੜ, ਪਵਨਪ੍ਰੀਤ ਸਿੰਘ ਡੰਗੋਰਾ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ ।

# ਪੰਜਾਬ ਸਰਕਾਰ ਪੈਨਸ਼ਨਰ ਐਸੋਸ਼ੀਏਸ਼ਨ ਭਗਤਾ ਭਾਈ ਕਾ ਵੱਲੋਂ ਆਪ ਉਮੀਦਵਾਰਾਂ ਨੂੰ ਹਰਾਉਣਾ ਜ਼ਰੂਰੀ ਕਰਾਰ ਦਿੱਤਾ ਗਿਆ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਪੰਜਾਬ ਵੱਲੋਂ 17 ਮਈ 2026 ਦੀ 'ਦੇਸ਼ ਭਗਤ ਯਾਦਗਾਰ ਹਾਲ ਜਲੰਧਰ' ਵਿਖੇ ਹੋਈ ਭਰਵੀਂ ਕਨਵੈਨਸ਼ਨ ਵਿਚ ਹੋਏ ਫੈਸਲੇ ਅਨੁਸਾਰ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ 'ਆਪ ਸਰਕਾਰ' ਨੂੰ ਹਰ ਤਰ੍ਹਾਂ ਦਾ ਸਹਿਯੋਗ ਬੰਦ ਕੀਤਾ ਜਾਵੇ ਅਤੇ ਨਗਰ ਪੰਚਾਇਤ, ਨਗਰ ਨਿਗਮ, ਨਗਰ ਕੌਂਸਲ ਅਤੇ ਨਗਰ ਪਾਲਿਕਾ ਚੋਣਾਂ ਵਿੱਚ ਇਸ ਆਮ ਆਦਮੀ (ਆਪ ਪਾਰਟੀ) ਨੂੰ ਹਰਾਉਣ ਲਈ ਸੰਭਵ ਯਤਨ ਕੀਤਾ ਜਾਵੇ। ਇਸ ਸੰਬੰਧੀ ਵੱਖ-ਵੱਖ ਜ਼ਿਲ੍ਹਿਆਂ/ ਸ਼ਹਿਰਾਂ ਵਿੱਚ ਜਿੱਥੇ ਮੁਲਾਜ਼ਮ ਜਥੇਬੰਦੀਆਂ ਅਤੇ ਪੈਨਸ਼ਨਰ ਐਸੋਸ਼ੀਏਸ਼ਨ ਵੱਲੋਂ ਪੈਦਲ ਮਾਰਚ ਕਰਕੇ ਆਪ



ਉਮੀਦਵਾਰਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ, ਉੱਥੇ ਭਗਤਾ ਭਾਈ ਕਾ ਬਲਾਕ ਦੀ ਪੈਨਸ਼ਨਰ ਐਸੋਸ਼ੀਏਸ਼ਨ ਵੱਲੋਂ ਵੀ ਐਸੋਸ਼ੀਏਸ਼ਨ ਪ੍ਰਧਾਨ ਮਾਸਟਰ ਆਤਮ ਤੇਜ ਸ਼ਰਮਾ, ਗੁਰਜੀਤ ਸਿੰਘ ਜਨਰਲ ਸਕੱਤਰ ਅਤੇ ਕੰਵਰ ਕੌਰ ਸਿੰਘ ਪ੍ਰੈਸ ਸਕੱਤਰ ਵੱਲੋਂ ਉਚੇਚੇ ਬਲਾਕ ਪੈਨਸ਼ਨਰਾਂ ਨਾਲ ਬੈਠਕ ਕਰਕੇ ਸਾਰੇ ਪੰਜਾਬ ਦੇ ਸੂਝਵਾਨ ਵੋਟਰਾਂ ਨੂੰ ਅਪੀਲ/ਬੇਨਤੀ ਕੀਤੀ ਗਈ ਹੈ ਕਿ ਆਮ ਆਦਮੀ ਪਾਰਟੀ (ਆਪ ਪਾਰਟੀ) ਦੇ ਉਮੀਦਵਾਰਾਂ ਨੂੰ ਹਰਾਉਣ ਲਈ ਹਰ ਸੰਭਵ ਯਤਨ ਕੀਤੇ ਜਾਣ ਅਤੇ ਪੈਨਸ਼ਨਰ ਐਸੋਸ਼ੀਏਸ਼ਨ ਨੂੰ ਸਹਿਯੋਗ ਦਿੱਤਾ ਜਾਵੇ ਤਾਂ ਕਿ ਮੁਲਾਜ਼ਮ/ਪੈਨਸ਼ਨਰ/ਕਿਸਾਨ/ਮਜ਼ਦੂਰ ਅਤੇ ਲੋਕ ਵਿਰੋਧੀ ਇਸ ਪਾਰਟੀ ਨੂੰ ਸਬਕ ਸਿਖਾਇਆ ਜਾ ਸਕੇ।

# ਉਧਾਰ ਦਿੱਤੇ ਪੈਸੇ ਵਾਪਿਸ ਮੰਗਣ ਬਦਲੇ, ਅਰੋਪੀਆਂ ਨੇ ਉਸਦਾ ਕਤਲ ਕਰਕੇ ਲਾਸ਼ ਕਬੂਤਰਾਂ ਦੇ ਕਮਰੇ ਚ ਸੁੱਟੀ : ਐਸ.ਪੀ ਰਾਜਵਿੰਦਰ ਸਿੰਘ

## ਪੁਲਿਸ ਵੱਲੋਂ ਮਹਿਜ ਕੁੱਝ ਘੰਟਿਆਂ ਅੰਦਰ ਹੀ ਹੱਤਿਆ ਦੇ ਆਰੋਪੀ ਕਾਬੂ ਕਰਕੇ ਭੇਜੇ ਸਲਾਖਾਂ ਪਿੱਛੇ

**ਮਾਲੇਰਕੋਟਲਾ-24 ਮਈ(ਕੁਲਵੰਤ ਸਿੰਘ ਮੁਹਾਲੀ)** ਜ਼ਿਲ੍ਹਾ ਮਾਲੇਰਕੋਟਲਾ ਦੇ ਪਿੰਡ ਕੰਗਣਵਾਲ ਚ ਇੱਕ ਵਿਅਕਤੀ ਦਾ ਸਿਰਫ ਇਸ ਲਈ ਕਤਲ ਕਰਕੇ ਉਸਦੀ ਲਾਸ਼ ਕਬੂਤਰਾਂ ਵਾਲੇ ਕਮਰੇ ਚ ਛੁੱਟ ਦਿੱਤੀ ਗਈ ਕਿਉਂਕਿ ਉਸਨੇ ਆਪਣੇ ਵੱਲੋਂ ਉਧਾਰ ਦਿੱਤੇ ਪੈਸੇ ਵਾਪਿਸ ਮੰਗ ਲਏ।ਪੁਲਿਸ ਵੱਲੋਂ ਕੁੱਝ ਘੰਟਿਆਂ ਅੰਦਰ ਹੀ ਮਾਮਲੇ ਨੂੰ ਹੱਲ ਕਰਦਿਆਂ ਕਤਲ ਕਰਨ ਵਾਲੇ ਅਰੋਪੀਆਂ ਨੂੰ ਕਾਬੂ ਕੀਤਾ ਗਿਆ ਹੈ।ਆਪਣੇ ਦਫਤਰ ਕੀਤੀ ਪ੍ਰੈਸ ਕਾਨਫਰੰਸ ਦੌਰਾਨ ਐਸ.ਪੀ (ਪੀ.ਬੀ.ਆਈ) ਸ ਰਾਜਵਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਨੂੰ ਪਿੰਡ ਕੰਗਣਵਾਲ ਵਿਖੇ ਇੱਕ ਵਿਅਕਤੀ ਹੋਏ ਕਤਲ ਦੀ ਇਤਲਾਹ ਮਗਰੋਂ, ਮੌਕੇ ਤੇ ਪਹੁੰਚੀ ਪੁਲਿਸ ਨੂੰ ਮਨਦੀਪ ਸਿੰਘ ਵਾਸੀ ਕੰਗਣਵਾਲ ਨੇ ਬਿਆਨ ਦਿੱਤਾ ਕਿ ਮ੍ਰਿਤਕ ਹਰਬਿੰਦਰ ਸਿੰਘ ਉਰਫ ਬਿੰਦਾ ਪੁੱਤਰ ਹਰਦੇਵ ਸਿੰਘ ਉਸਦਾ ਚਾਚੇਰਾ ਭਰਾ ਹੈ ਜੋ ਆਪਣੇ ਘਰ ਇਕੱਲਾ ਹੀ ਰਹਿੰਦਾ ਸੀ।ਮਿਤੀ 22 ਮਈ ਸ਼ਾਮ ਨੂੰ ਉਸਦੀ ਲਾਸ਼ ਕਬੂਤਰਾਂ ਵਾਲੇ ਕਮਰੇ ਵਿੱਚੋਂ ਮਿਲੀ ਜਿਸਦੇ ਹੱਥ-ਪੈਰ ਬੰਨ੍ਹੇ ਹੋਏ ਸਨ। ਥਾਣਾ ਅਹਿਮਦਗੜ੍ਹ ਸਦਰ ਵਿਖੇ ਮੁਕੱਦਮਾ ਨੰਬਰ 86/2026 ਅਧੀਨ ਧਾਰਾ 103,3(5) ਬੀ ਐਨ ਐਸ





ਐਕਟ ਤਹਿਤ ਦਰਜ ਕਰਕੇ ਪੜਤਾਲ ਸ਼ੁਰੂ ਕੀਤੀ ਗਈ।ਸ ਰਾਜਵਿੰਦਰ ਸਿੰਘ ਐਸ.ਪੀ (ਪੀ.ਬੀ.ਆਈ) ਦੀ ਨਿਗਰਾਨੀ ਵਿੱਚ ਬਣਾਈ ਕਮੇਟੀ ਸ੍ਰੀ ਦੀਪਿੰਦਰਪਾਲ ਸਿੰਘ ਜੇਜੀ ਡੀ.ਐਸ ਪੀ (ਆਈ),ਡੀ ਐਸ ਪੀ ਅਹਿਮਦਗੜ੍ਹ ਸ੍ਰੀ ਇੰਦਰਪਾਲ ਚੌਹਾਨ,ਇੰਚਾਰਜ ਸੀ.ਆਈ.ਏ ਮਾਹੌਰਾਣਾ ਇੰ. ਹਰਜਿੰਦਰ ਅਤੇ ਐਸ.ਐਚ.ਓ ਅਹਿਮਦਗੜ੍ਹ ਸਦਰ ਮੈਡਮ ਗੁਰਪ੍ਰੀਤ ਕੌਰ ਵੱਲੋਂ ਕੀਤੀ ਤਫਤੀਸ਼ ਦੌਰਾਨ ਸਾਹਮਣੇ ਆਇਆ ਕਿ ਮਨਦੀਪ ਸਿੰਘ ਉਰਫ ਕਾਲਾ ਪੁੱਤਰ ਕਮਿਕਰ ਸਿੰਘ ਵਾਸੀ ਕੰਗਣਵਾਲ ਅਤੇ ਸਨਦੀਪ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਦਸੌਂਦਾ ਸਿੰਘ ਵਾਲਾ ਹਾਲ ਵਾਸੀ ਸੰਦੌੜ ਥਾਣਾ ਸੰਦੌੜ ਨੂੰ ਸ਼ੱਕ ਦੇ ਅਧਾਰ ਤੇ ਤਫਤੀਸ਼ ਕੀਤੀ ਤਾਂ ਪੁੱਛ ਗਿੱਛ ਦੌਰਾਨ, ਇਨ੍ਹਾਂ ਦੱਸਿਆ ਕਿ ਅਸੀਂ ਆਪਣਾ ਕੁਝ ਸਮਾਨ ਮ੍ਰਿਤਕ ਵਿਅਕਤੀ ਪਾਸ ਗਹਿਣੇ ਰੱਖ ਕੇ ਉਸ ਪਾਸੋਂ ਕੁੱਝ ਪੈਸੇ ਹਾਸਲ ਕੀਤੇ ਸਨ, ਪ੍ਰੰਤੂ ਹੁਣ ਮ੍ਰਿਤਕ ਸਾਡੇ ਕੋਲੋਂ ਆਪਣੇ ਪੈਸੇ ਵਾਪਸ ਮੰਗ ਰਿਹਾ ਸੀ।ਜਿਸ ਨਾਲ ਤਕਰਾਰ ਹੋਣ ਕਰਕੇ ਅਸੀਂ ਉਸਦੇ ਦੇ ਹੱਥ ਪੈਰ ਬੰਨ ਕੇ, ਉਸਨੂੰ ਕਮਰੇ ਵਿੱਚ ਬੰਦ ਕਰ ਦਿੱਤਾ ਪਰੰਤੂ ਮ੍ਰਿਤਕ ਵੱਲੋਂ ਰੌਲਾ ਪਾਉਣ ਕਰਕੇ ਅਸੀਂ ਉਸਦਾ ਮੂੰਹ ਬੰਨ੍ਹ ਕੇ, ਉਸਦਾ ਗਲਾ ਘੁੱਟ ਕੇ ਕਤਲ ਕਰਨ ਉਪਰੰਤ ਉਸਦੀ ਲਾਸ਼ ਨੂੰ ਕਬੂਤਰਾਂ ਵਾਲੇ ਕਮਰੇ ਵਿੱਚ ਬੰਦ ਕਰ ਦਿੱਤਾ ਗਿਆ। ਐਸ.ਪੀ ਸ. ਰਾਜਵਿੰਦਰ ਸਿੰਘ ਨੇ ਅੱਗੇ ਦੱਸਿਆ ਕਿ ਇਹਨਾਂ ਦੇ ਇਕਬਾਲੀਆ ਜ਼ੁਰਮ ਵਾਲੇ ਬਿਆਨ ਦੇ ਆਧਾਰ ਪਰ ਉਕਤ ਮੁਕਦਮੇ ਵਿੱਚ ਇਹਨਾਂ ਦੋਵਾਂ ਨੂੰ ਨਾਮਜਦ ਕਰਕੇ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਇਹਨਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਿਲ ਕੀਤਾ ਜਾਵੇਗਾ, ਜਿਨਾਂ ਕੋਲੋਂ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

# 'ਆਲ ਇੰਡੀਆ ਆਹਲੂਵਾਲੀਆ ਯੂਥ ਫੈਡਰੇਸ਼ਨ' ਵੱਲੋਂ ਰੈਸਟੋਰੈਂਟਸ ਵਿੱਚ ਹਲਾਲ ਮੀਟ ਖਵਾਉਣ ਤੇ ਲਗਾਈ ਜਾਵੇ ਰੋਕ

## ਮੀਨੂ ਕਾਰਡ ਤੇ ਸਾਫ਼-ਸਾਫ਼ ਲਿਖਿਆ ਜਾਵੇ ਕਿ ਇਹ ਕਿਹੜਾ 'ਮੀਟ' ਹੈ 'ਹਲਾਲ' ਜਾਂ 'ਝਟਕਾ'

**ਲੁਧਿਆਣਾ 24 ਮਈ (ਕਰਨੈਲ ਸਿੰਘ ਐੱਮ.ਏ.)** ਵੱਡੇ ਵੱਡੇ ਨਾਮੀ ਰੈਸਟੋਰੈਂਟ ਅਤੇ ਬਰਗਰ ਹੰਟ ਦੀਆਂ ਬਣੀਆਂ ਦੁਕਾਨਾਂ ਜਿਹਨਾਂ ਵਿੱਚ ਨੋਨ ਵੈਜ ਖ਼ਾਸ ਕਰਕੇ ਹਲਾਲ ਮੀਟ ਦਾ ਇਸਤੇਮਾਲ ਹੁੰਦਾ ਹੈ ਉਸ ਖ਼ਿਲਾਫ਼ ਅੱਜ ਆਹਲੂਵਾਲੀਆ ਭਵਨ ਵਿਖੇ ਇੱਕ ਪ੍ਰੈਸ ਵਾਰਤਾ ਕੀਤੀ ਗਈ। ਇਸ ਮੌਕੇ ਤੇ ਆਲ ਇੰਡੀਆ ਆਹਲੂਵਾਲੀਆ ਮੁੱਖ ਸਭਾ, ਹਿੰਦੂ ਸੇਨਾ, ਯੂਨਾਈਟਿਡ ਫਰੰਟ ਫੋਰ ਆਲ (ਯੂਫਾ) ਅਤੇ ਆਲ ਇੰਡੀਆ ਆਹਲੂਵਾਲੀਆ ਯੂਥ ਫੈਡਰੇਸ਼ਨ ਤੇ ਪ੍ਰਮੁੱਖ ਅਹੁਦੇਦਾਰਾਂ ਨੇ ਹਿੱਸਾ ਲਿਆ। ਇਸ ਪੱਤਰਕਾਰ ਮਿਲਣੀ ਦਾ ਮੁੱਖ ਮਕਸਦ ਪੰਜਾਬ ਦੇ ਵੱਡੇ ਰੈਸਟੋਰੈਂਟਸ ਅਤੇ ਹੋਟਲਾ ਵੱਲੋਂ ਵਰਤਾਏ ਜਾ ਰਹੇ ਹਲਾਲ ਮਾਸ ਸੰਬੰਧੀ ਰਿਹਾ। ਇਸ ਮੌਕੇ ਤੇ ਹੱਕ ਦੇ ਕਨਵੀਨਰ ਜਸਪ੍ਰੀਤ ਸਿੰਘ ਆਹਲੂਵਾਲੀਆ ਅਤੇ ਹਿੰਦੂ ਸੇਨਾ ਦੇ ਕੌਮੀ ਪ੍ਰਧਾਨ ਅਸ਼ਵਨੀ ਸੂਰੀ ਨੇ ਇੱਕ ਸਾਂਝੇ ਬਿਆਨ 'ਚ ਕਿਹਾ ਕਿ ਸਿੱਖ ਰਹਿਤ ਮਰਿਆਦਾ ਅਨੁਸਾਰ ਹਲਾਲ ਮਾਸ ਖਾਣਾ ਇਕ ਬੱਜਰ ਕੁਰਹਿਤ ਹੈ ਅਤੇ ਹਿੰਦੂ ਧਰਮ ਵਿੱਚ ਹਲਾਲ ਖਾਣ ਤੇ ਵੀ ਮਨਾਹੀ ਹੈ । ਪੰਜਾਬ ਦੇ ਵੱਡੇ ਵਲੈਤੀ ਰੈਸਟੋਰੈਂਟਸ ਵੱਲੋਂ ਅਤੇ ਕਈ ਵੱਡੇ ਹੋਟਲਾਂ ਵੱਲੋਂ ਧੜੱਲੇ ਨਾਲ ਸਿਰਫ ਹਲਾਲ ਮਾਸ ਹੀ ਪਰੋਸਿਆ ਜਾ ਰਿਹਾ ਹੈ। ਅਫ਼ਸੋਸ ਹੈ ਕਿ ਸਾਡੀ ਨੌਜਵਾਨ ਪੀੜੀ ਅਣਜਾਣੇ ਵਿੱਚ ਇਸ ਬੱਜਰ ਕੁਰਹਿਤ



ਦਾ ਸ਼ਿਕਾਰ ਹੋ ਰਹੀ ਹੈ। ਉਹਨਾਂ ਕਿਹਾ ਕਿ ਇਸ ਸੰਬੰਧੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਹਿਬ ਨੂੰ ਵੀ ਪੱਤਰ ਲਿਖੇ ਹਨ । ਆਹਲੂਵਾਲੀਆ ਅਤੇ ਸੂਰੀ ਨੇ ਦੱਸਿਆ ਕਿ ਉਹਨਾਂ ਨੇ ਇਹ ਮੰਗ ਕੀਤੀ ਹੈ ਕਿ ਪੰਜਾਬ 'ਚ ਸਿਰਫ ਝਟਕਾ ਮਾਸ ਹੀ ਵਰਤਿਆ ਜਾਣਾ ਚਾਹੀਦਾ ਹੈ। ਜੇ ਇਹ ਨਹੀਂ ਕੀਤਾ ਜਾ ਸਕਦਾ ਤਾਂ ਪੰਜਾਬ ਦੇ ਉਹ ਸਾਰੇ ਰੈਸਟੂਰੈਂਟ ਅਤੇ ਹੋਟਲ ਜੋ ਮੀਟ ਵਰਤਦੇ ਹਨ ਤੇ ਕਾਨੂੰਨ ਬਨਾਉਣਾ ਚਾਹੀਦਾ ਹੈ ਕਿ ਉਹ ਆਪਣੇ ਬੋਰਡ ਤੇ, ਮੀਨੂ ਕਾਰਡ ਤੇ ਅਤੇ ਆਪਣੇ ਦਰਵਾਜੇ ਤੇ ਇਹ ਸਾਫ਼ ਸਾਫ਼ ਮੋਟੇ ਅੱਖਰਾਂ ਵਿੱਚ ਲਿਖਣ ਕਿ ਉਹ ਕਿਹੜਾ ਮਾਸ ਵਰਤ ਰਹੇ ਨੇ । ਜੋ ਨੌਜਵਾਨ ਪੀੜੀ ਨੂੰ ਇਸ ਪ੍ਰਤੀ ਜਾਗਰੂਕ ਕੀਤਾ ਜਾ ਸਕੇ ਅਤੇ ਇਸ ਬੱਜਰ ਕੁਰਹਿਤ ਤੋਂ ਬਚਾਇਆ ਜਾ ਸਕੇ। ਇਸ ਮੌਕੇ ਤੇ ਯੂਨਾਈਟਿਡ ਫਰੰਟ ਦੇ ਪੰਜਾਬ ਪ੍ਰਧਾਨ ਗੁਰਪ੍ਰੀਤ ਸਿੰਘ ਭੁੱਲਰ, ਆਲ ਇੰਡੀਆ ਆਹਲੂਵਾਲੀਆ ਮੁੱਖ ਸਭਾ ਦੇ ਨੈਸ਼ਨਲ ਜਨਰਲ ਸੈਕਟਰੀ ਹਰਿੰਦਰ ਸਿੰਘ ਆਹਲੂਵਾਲੀਆ, ਯੂਫਾ ਦੇ ਸਟੇਟ ਮੀਡੀਆ ਐਡਵਾਈਜ਼ਰ ਹਰਕੀਰਤਪਾਲ ਸਿੰਘ, ਯੂਫਾ ਦੇ ਪੰਜਾਬ ਦੇ ਮੀਤ ਪ੍ਰਧਾਨ ਜਸ਼ਨਪ੍ਰੀਤ ਸਿੰਘ ਗਿੱਲ, ਆਲ ਇੰਡੀਆ ਆਹਲੂਵਾਲੀਆ ਯੂਥ ਫੈਡਰੇਸ਼ਨ ਦੇ ਨੈਸ਼ਨਲ ਪ੍ਰੈਜ਼ੀਡੈਂਟ ਰਮਨਪ੍ਰੀਤ ਸਿੰਘ ਆਹਲੂਵਾਲੀਆ, ਆਲ ਇੰਡੀਆ ਆਹਲੂਵਾਲੀਆ ਯੂਥ ਫੈਡਰੇਸ਼ਨ ਦੇ ਨੈਸ਼ਨਲ ਸੈਕਟਰੀ ਅੰਮ੍ਰਿਤਪਾਲ ਸਿੰਘ ਆਹਲੂਵਾਲੀਆ, ਆਲ ਇੰਡੀਆ ਆਹਲੂਵਾਲੀਆ ਮੁੱਖ ਸਭਾ ਦੇ ਪੰਜਾਬ ਪੈਟਰਨ ਚਰਨਜੀਵ ਸਿੰਘ ਸਿਕੰਦ, ਆਲ ਇੰਡੀਆ ਆਹਲੂਵਾਲੀਆ ਮੁੱਖ ਸਭਾ ਦੇ ਲੁਧਿਆਣਾ ਪ੍ਰਧਾਨ ਤੇਜਿੰਦਰ ਸਿੰਘ ਮਮਕ ਆਦਿ ਹਾਜ਼ਰ ਸਨ ।

# ਪੰਜਾਬ ਮੁਲਾਜਮ ਅਤੇ ਪੈਨਸ਼ਨਰ ਸਾਂਝੇ ਫਰੰਟ ਵਲੋਂ ਆਮ ਆਦਮੀ ਪਾਰਟੀ ਅਤੇ ਭਾਜਪਾ ਦੇ ਉਮੀਦਵਾਰਾਂ ਨੂੰ ਹਰਾਉਣ ਦੀ ਅਪੀਲ

**ਬੰਗਾ ( ਚਰਨਜੀਤ ਸੱਲ੍ਹਾ** )ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਪੰਜਾਬ ਦੀ ਇਕਾਈ ਬੰਗਾ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਮੀਟਿੰਗ ਬਾਬਾ ਗੋਲਾ ਪਾਰਕ ਵਿਖੇ ਕੀਤੀ ਗਈ ਲ ਇਹ ਮੀਟਿੰਗ ਰਾਮ ਮਿੱਤਰ ਕੋਹਲੀ ਦੀ ਪ੍ਰਧਾਨਗੀ ਹੇਠ ਕੀਤੀ ਗਈ । ਇਸ ਮੀਟਿੰਗ ਵਿੱਚ ਸ.ਪਰਮਜੀਤ ਸਿੰਘ ਜੌਹਰ, ਹਰਬਲਾਸ ਹੀਓ, ਜਸਵੀਰ ਸਿੰਘ ਮੋਰੋਂ, ਸ਼ੰਕਰ ਦਾਸ, ਰਾਮ ਰਤਨ, ਸੋਹਣ ਸਿੰਘ ,ਰਮੇਸ਼ ਚੰਦਰ,ਸੁਰਿੰਦਰ ਸਿੰਘ,ਰਾਮ ਲਾਲ, ਤਰਲੋਕ ਸਿੰਘ ਫਲੋਰਾ,ਸ੍ਰੀ ਸੁਰਜੀਤ ਸਿੰਘ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ ਲ ਬੁਲਾਰਿਆਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹੁਣ ਤੱਕ ਦੀਆਂ ਸਭ ਸਰਕਾਰਾਂ ਤੋਂ ਨਿਕੰਮੀ ਸਿੱਧ ਹੋਈ ਹੈ । ਇਸ ਦੇ ਕੰਮ ਇਸ਼ਤਿਹਾਰਾਂ ਵਿੱਚ ਹੀ ਦਿਖਾਈ ਦਿੰਦੇ ਹਨ। ਲੋਕਾਂ ਦੇ ਟੈਕਸਾਂ ਦਾ ਕਰੋੜਾਂ ਰੁਪਿਆ ਆਪਣੀ ਫੋਕੀ ਮਸ਼ਹੂਰੀ ਤੇ ਖਰਚਿਆ ਜਾ



ਰਿਹਾ ਹੈ । ਹੋਰ ਨਵੇਂ ਕਰਜ਼ੇ ਲੈ ਕੇ ਫਜ਼ੂਲ ਖਰਚੇ ਕੀਤੇ ਜਾ ਰਹੇ ਹਨ। ਸਰਕਾਰ ਇੱਕ ਪਾਸੇ ਖ਼ਜਾਨਾ ਭਰੇ ਹੋਣ ਦਾ ਰਾਗ ਅਲਾਪ ਰਹੀ ਹੈ । ਐਪਰ ਦੂਜੇ ਪਾਸੇ ਅਜੇ ਤੱਕ ਪੈਨਸ਼ਨਰਾਂ ਦੀ ਪੈਨਸ਼ਨ ਦੀ ਅਦਾਇਗੀ ਨਹੀਂ ਕੀਤੀ ਗਈ । ਮਾਨਯੋਗ ਅਦਾਲਤ ਦੇ ਹੁਕਮ ਹੋ ਜਾਣ ਤੇ ਵੀ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਨਹੀਂ ਕੀਤੀਆਂ । ਤਨਖਾਹ ਕਮਿਸ਼ਨ ਦੀ ਪੂਰੀ ਖੇਹ ਉਡਾਈ ਹੈ । ਪੈਨਸ਼ਨਰਾਂ ਦਾ 2.59 ਦਾ ਗੁਣਾਂਕ ਲਾਗੂ ਨਹੀਂ ਕੀਤਾ ਜਾ ਰਿਹਾ । ਕੇਂਦਰ ਦੀ ਭਾਜਪਾ ਸਰਕਾਰ ਜਨਤਕ ਖੇਤਰ ਦੇ ਅਦਾਰੇ ਕਾਰਪੋਰੇਟਾਂ ਨੂੰ ਲੁਟਾ ਰਹੀ ਹੈ । ਮਹਿੰਗਾਈ ਵਿੱਚ ਦਿਨੋ ਦਿਨ ਵਾਧਾ ਹੋ ਰਿਹਾ ਹੈ । ਭਾਜਪਾ ਦੀ ਸਰਕਾਰ ਵਾਂਗ ਆਮ ਆਦਮੀ ਪਾਰਟੀ ਦੇ ਵਾਅਦੇ ਵੀ ਜੁਮਲੇ ਸਿੱਧ ਹੋਏ ਹਨ। ਪੁਰਾਣੀ ਪੈਨਸ਼ਨ ਬਹਾਲ ਨਹੀਂ ਕੀਤੀ ਜਾ ਰਹੀ । ਬੇਰੁਜ਼ਗਾਰਾਂ ਅਤੇ ਹੋਰ ਸੰਘਰਸ਼ਸ਼ੀਲ ਲੋਕਾਂ ਨੂੰ ਕੁਟਿਆ ਜਾ ਰਿਹਾ ਹੈ । ਇਸ ਲਈ ਪੰਜਾਬ ਮੁਲਾਜਮ ਅਤੇ ਪੈਨਸ਼ਨਰ ਸਾਂਝੇ ਫਰੰਟ ਵਲੋਂ ਸਮੂਹ ਜਨਤਾ ਨੂੰ ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਨਗਰ ਨਿਗਮ, ਨਗਰ ਪਾਲਿਕਾ, ਨਗਰ ਪੰਚਾਇਤ ਦੀਆਂ ਚੋਣਾਂ ਲੜ੍ਹ ਰਹੇ ਉਮੀਦਵਾਰਾਂ ਨੂੰ ਹਰਾਉਣ ਦੀ ਅਪੀਲ ਕੀਤੀ ਹੈ ।

# ਬਸਪਾ ਦੇ ਦੋਹਾਂ ਉਮੀਦਵਾਰਾਂ ਰਵਿੰਦਰ ਮਹਿੰਮੀ ਅਤੇ ਹਰਜਿੰਦਰ ਕੁਮਾਰ ਸੋਨੂੰ ਦੇ ਵਾਰਡ ਨੰਬਰ 7,8 ਵਿੱਚ ਰੋਡ ਸ਼ੋਅ ਕੀਤਾ ਗਿਆ

**ਬੰਗਾ( ਚਰਨਜੀਤ ਸੱਲ੍ਹਾ)** ਅੱਜ ਚੋਣ ਪ੍ਰਚਾਰ ਦਾ ਆਖਰੀ ਦਿਨ ਸੀ ਜਿਸ ਵਿੱਚ ਬੰਗਾ ਬਲਾਕ ਦੀ ਬਸਪਾ ਟੀਮ ਨੇ ਪੂਰਾਂ ਜ਼ੋਰ ਲਗਾ ਕੇ ਪ੍ਰਚਾਰ ਕੀਤਾ ਜਿਸ ਵਿੱਚ ਬਸਪਾ ਦੇ ਦੋਵੇਂ ਉਮੀਦਵਾਰ ਰਵਿੰਦਰ ਮਹਿੰਮੀ ਅਤੇ ਹਰਜਿੰਦਰ ਕੁਮਾਰ ਸੋਨੂੰ ਸਮੇਤ 7 ਅਤੇ 8 ਵਾਰਡ ਨੰਬਰ ਵਿੱਚ ਇੱਕ ਰੋਡ ਛੋਅ ਕਢਿਆ ਗਿਆ ਜਿਸ ਵਿੱਚ 26 ਤਰੀਕ ਨੂੰ ਹਾਥੀ ਦੇ ਨਿਸ਼ਾਨ ਤੇ ਮੋਹਰਾਂ ਲਾਕੇ ਹਰਜਿੰਦਰ ਕੁਮਾਰ ਸੋਨੂੰ ਅਤੇ ਰਵਿੰਦਰ ਮਹਿੰਮੀ ਨੂੰ ਜਿਤਾਉਣ ਲਈ ਕਿਹਾ ਗਿਆ। ਇਸ ਮੌਕੇ ਤੇ ਬਹੁਜਨ ਸਮਾਜ ਪਾਰਟੀ ਦੇ ਨਾਅਰੇ ਬੁਲੰਦ ਕੀਤੇ ਗਏ ਜਿਵੇਂ ਕਿ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ ਸੁਪਨਾ ਬਸਪਾ ਕਰੇਗੀ ਪੂਰਾਂ, ਬਸਪਾ ਦੀ ਕਿਆ ਪਹਿਚਾਣ ਨੀਲਾ ਝੰਡਾ ਹਾਥੀ ਨਿਸ਼ਾਨ,ਦਲਿਤੋ ਡਰਨਾ ਛੱਡ ਦਿਓ ਨੀਲੇ ਝੰਡੇ ਗੱਡ ਦਿਓ,









ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਨੇਕ ਕਮਾਈ ਜਿਸ ਨੇ ਸੁੱਤੀ ਕੌਮ ਜਗਾਈ, ਚਾਚਾ ਕਹਿੰਦਾ ਚਾਚੀ ਨੂੰ ਵੋਟ ਪਾਉਣੀ ਹਾਥੀ ਨੂੰ ਇਸ ਤਰ੍ਹਾਂ ਦੇ ਨਾਅਰਿਆਂ ਨਾਲ ਸਾਰੀਆਂ ਗਲੀਆਂ ਮੁਹੱਲਿਆਂ ਵਿੱਚ ਪਾਰਟੀ ਪ੍ਰਚਾਰ ਕੀਤਾ ਗਿਆ ਅਤੇ ਵੱਖ ਵੱਖ ਜਗ੍ਹਾ ਤੇ ਸਰੋਪੇ ਦੇ ਕੇ ਉਮੀਦਵਾਰਾਂ ਨੂੰ ਸਨਮਾਨਿਤ ਕੀਤਾ ਗਿਆ ਇਸ ਮੌਕੇ ਤੇ ਪ੍ਰਵੀਨ ਬੰਗਾ ਜਨਰਲ ਸਕੱਤਰ ਬਸਪਾ ਪੰਜਾਬ, ਵਿਜੇ ਗੁਣਾਚੌਰ ਜ਼ਿਲ੍ਹਾ ਸਕੱਤਰ, ਰੇਖਾ ਰਾਣੀ ਬਲਾਕ ਸੰਮਤੀ ਮੈਂਬਰ, ਚਰਨਜੀਤ ਮੰਢਾਲੀ ਜਨਰਲ ਸਕੱਤਰ, ਜਸਵੰਤ ਕਟਾਰੀਆ,ਗੁਰਦਿਆਲ ਬੋਧ ਐਨ ਆਰ ਆਈ ਸਪੋਰਟਸ ਬਸਪਾ ਭਾਰਤ, ਕਸ਼ਮੀਰੀ ਲਾਲ ਸਾਬਕਾ ਐਸ ਐਚ ਓ ਬਹਿਰਾਮ, ਹਰਬਲਾਸ ਬਸਰਾ ਜ਼ਿਲ੍ਹਾ ਜਨਰਲ ਸਕੱਤਰ ਬਸਪਾ, ਅਸ਼ੋਕ ਕੁਮਾਰ ਉਪ -ਪ੍ਰਧਾਨ, ਰਾਮ ਲੁਭਾਇਆ ਸਾਬਕਾ ਪ੍ਰਧਾਨ,ਪ੍ਰਕਾਸ਼ ਰਾਮ ਫਰਾਲਾ, ਪ੍ਰਕਾਸ਼ ਚੰਦ ਸਾਬਕਾ ਸ਼ਹਿਰੀ ਪ੍ਰਧਾਨ ਬਸਪਾ, ਮਨਜੀਤ ਸਿੰਘ ਠੇਕੇਦਾਰ, ਮਨੋਹਰ ਕਮਾਮ ਸਾਬਕਾ ਸਰਪੰਚ,ਮੁਲਕ ਰਾਜ,ਰਾਮ ਲਾਲ ਖੋਥੜਾ, ਦਿਨੇਸ਼ ਕੁਮਾਰ ਬੰਗਾ, ਕਮਲਜੀਤ ਸਿੰਘ ਕਮਲ,ਪਰਮਜੀਤ ਮਹਿਰਮ ਪੁਰ, ਕੁਲਦੀਪ ਬਹਿਰਾਮ, ਦਰਸ਼ਨ ਬਹਿਰਾਮ, ਜਸਪਾਲ ਲੁਧਾਣਾ, ਗੁਰਦੇਵ ਕੌਰ ਸਾਬਕਾ ਚੇਅਰਮੈਨ, ਜਸਵਿੰਦਰ ਕੌਰ ਸਾਬਕਾ ਸਰਪੰਚ, ਓਮ ਪ੍ਰਕਾਸ਼ ਔਜਲਾ, ਦੀਨ ਦਿਆਲ ਸਾਬਕਾ ਮੁਲਾਜ਼ਮ, ਕੁਲਦੀਪ ਬਹਿਰਾਮ, ਦਰਸ਼ਨ ਬਹਿਰਾਮ,ਅਵਤਾਰ ਚੰਦ ਹੀਉ, ਕਮਲਜੀਤ ਕੌਰ,ਕਰਨ ਮਹਿੰਮੀ, ਪੰਕਜ ਬੰਗਾ, ਹਰਪ੍ਰੀਤ ਮਹਿੰਮੀ, ਜਸਵੀਰ ਕੌਰ, ਊਸ਼ਾ ਰਾਣੀ, ਸ਼ੀਲਾ ਰਾਣੀ, ਰੀਟਾ ਰਾਣੀ, ਸਿਮਰਨ ਕੌਰ,ਜਤਿੰਦਰ ਖਮਾਚੋ ਅਤੇ ਬੀਬੀਆਂ, ਨੌਜਵਾਨ ਅਤੇ ਬੱਚੇ ਵੀ ਇਸ ਰੋਡ ਛੋਅ ਵਿੱਚ ਸ਼ਾਮਲ ਹੋਏ।

# ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ ਜਨਮਦਿਨ ਨੂੰ ਸਮਰਪਿਤ ਖੂਨਦਾਨ ਕੈਂਪ - ਮਨਜੀਤ ਦੁੱਗਰੀ/ਹਰਦੇਵ ਬੋਪਾਰਾਏ

## 70 ਦੇ ਕਰੀਬ ਖੂਨ ਦਾਨੀਆਂ ਨੇ ਕੀਤਾ ਖੂਨਦਾਨ - ਰਤਨ ਕਮਾਲਪੁਰੀ

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** ਸ਼ਹੀਦ ਕਰਤਾਰ ਸਿੰਘ ਸਰਾਭਾ ਵਿਰਸਾ ਸੰਭਾਲ ਮੰਚ ਪੰਜਾਬ ਵਲੋਂ ਅੱਜ ਸਰਾਭਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਪਹਿਲਾ ਖੂਨਦਾਨ ਕੈਂਪ ਕਿਡਜ਼ ਪੋਪਿੰਨ ਪਲੇਅ ਵੇਅ ਸਕੂਲ ਬਸੰਤ ਐਵਨਿਊ ਵਿਖੇ ਲਗਾਇਆ ਗਿਆ। ਕੈਪ ਦੀ ਸ਼ੁਰੂਆਤ ਭਾਈ ਜਗਤਾਰ ਸਿੰਘ ਹੈਡ ਗੰਥੀ ਗੁਰਦੁਆਰਾ ਸ੍ਰੀ ਥੜ੍ਹਾ ਸਾਹਿਬ ਪਾਤਸ਼ਾਹੀ ਛੇਵੀਂ ਇਆਲੀ ਕਲਾਂ ਵਲੋਂ ਅਰਦਾਸ ਕਰਨ ਉਪਰੰਤ ਕਿਡਜ਼ ਪੋਪਿੰਨ ਪਲੇਅ ਵੇਅ ਸਕੂਲ ਦੇ ਸਮੂੰਹ ਕਰਮਚਾਰੀਆਂ ਵਲੋਂ ਪਹਿਲੇ ਖੁਨਦਾਨੀ ਮੀਮ ਭੀਮ ਖਾਲਸਾ ਸੰਗਠਨ ਦੇ ਪ੍ਰਧਾਨ ਹਰਦੇਵ ਸਿੰਘ ਬੋਪਾਰਾਏ ਕੋਰ ਕਮੇਟੀ ਮੈਂਬਰ ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਪੰਜਾਬ ਨੂੰ ਸੁਭਕਾਮਨਾਵਾ ਦੇਣ ਨਾਲ ਕੀਤੀ ਗਈ। ਜਿਸ ਦੌਰਾਨ ਰੈਡ ਕ੍ਰਾਸ ਤੋਂ ਗੁਰਪ੍ਰੀਤ ਕੌਰ, ਸੁਰੇਸ਼ ਕੁਮਾਰ, ਕੋਮਲ, ਗੁਰਬਚਨ ਸਿੰਘ, ਸੁਰਜੀਤ ਸਿੰਘ, ਗੁਰੂ ਨਾਨਕ ਚੈਰੀਟੇਬਲ ਬਲੱਡ ਬੈਂਕ ਤੋਂ ਕ੍ਰਿਸ਼ਨ ਕੁਮਾਰ, ਸਿਮਰਨ, ਰੀਤਿਕ ਸ਼ਰਮਾ, ਜਸਪਿੰਦਰ ਸਿੰਘ ਅਤੇ ਸਵੇਦਨਾ ਟਰੱਸਟ ਸਿਵਲ ਹਸਪਤਾਲ ਤੋਂ ਅਜੇ ਜੈਨ ਦੇ ਸਹਿਯੋਗ ਨਾਲ 70 ਦੇ ਕਰੀਬ ਖੂਨਦਾਨੀਆਂ ਨੇ ਖੂਨਦਾਨ ਕੀਤਾ। ਇਸ ਮੌਕੇ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ ਵੰਸਜ਼ ਵਿੱਚੋਂ ਉਨ੍ਹਾਂ ਦੇ ਪੋਤਰੇ ਹਰਜੀਤ ਸਿੰਘ ਨੇ ਇੰਦੌਰ ਤੋਂ ਕੈਂਪ ਦੇ ਪ੍ਰਬੰਧਕਾਂ ਨਾਲ ਔਨਲਾਈਨ ਗੱਲ ਕਰਦੇ ਹੋਏ ਸਰਾਭਾ ਜੀ ਦੀ ਯਾਦ ਵਿਚ ਉਨ੍ਹਾਂ ਵਲੋਂ ਕੀਤੇ ਜਾ ਰਹੇ ਇਸ ਮਹਾਨ ਕਾਰਜ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸਰਪ੍ਰਸਤ ਪੰਕਜ ਅਰੋੜਾ, ਚੇਅਰਮੈਨ ਗੁਰਮੀਤ ਸਿੰਘ ਗਰੇਵਾਲ, ਮੁੱਖ ਸੇਵਾਦਾਰ ਮਨਜੀਤ ਸਿੰਘ, ਮੀਤ ਪ੍ਰਧਾਨ ਰਜੀਵ



ਸ਼ਰਮਾ, ਜਰਨਲ ਸੈਕਟਰੀ ਰਤਨ ਸਿੰਘ ਕਮਾਲਪੁਰੀ, ਸੈਕਟਰੀ ਸੁਖਦਰਸ਼ਨ ਸਿੰਘ ਹੈਪੀ, ਖਜਾਨਚੀ ਸੁਖਦੇਵ ਸਿੰਘ ਸੁੱਖਾ, ਐਗਜੈਕਟਿਵ ਮੈਂਬਰ ਸੰਜੀਵ ਸ਼ਰਮਾ ਤੋਂ ਇਲਾਵਾ ਸੀ.ਐਚ ਓ ਰੇਚਲ, ਗੁਰਬਖਸ਼ ਸਿੰਘ, ਪ੍ਰਿੰਸ ਦੋਵੇ ਮਲਟੀ ਪਰਪਜ ਹੈਲਥ ਕਾਮੇ, ਡਾਕਟਰ ਦੀਪਕ ਗੁਪਤਾ, ਮਨੈਜਰ ਗੁਰਚਰਨ ਸਿੰਘ ਪੁਰਬਾ, ਗੁਰਦੀਪ ਸਿੰਘ ਲੀਲ, ਜਸਵੰਤ ਸਿੰਘ ਛਾਪਾ, ਨਿਹੰਗ ਬਾਬਾ ਪਰਗਟ ਸਿੰਘ ਜੱਥੇ ਸਮੇਤ, ਅਮਨ ਬੋਹਤ, ਮੋਹਨ ਕੁਮਾਰ, ਗੁਰਪ੍ਰੀਤ ਸਿੰਘ, ਅਕਾਸ਼ ਬੋਪਾਰਾਏ, ਲਖਵਿੰਦਰ ਸਿੰਘ ਜੀ.ਐਸ, ਐਡ.ਪਰਗਟ ਸਿੰਘ, ਸੁਖਵਿੰਦਰ ਗੋਲਡੀ, ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਪੰਜਾਬ ਦੇ ਕੋਰ ਕਮੇਟੀ ਮੈਂਬਰ ਰੁਪਿੰਦਰ ਸਿੰਘ ਸੁਧਾਰ, ਹਰਦੀਪ ਸਿੰਘ ਗਿੱਲ, ਲਵਪ੍ਰੀਤ ਸਿੰਘ, ਅਕਾਸ਼ਦੀਪ ਸਿੰਘ ਬੋਪਾਰਾਏ,ਕ੍ਰਿਸ਼ਨ ਲੈਬੋਰਟਰੀ ਤੋਂ ਗੁਰੀ ਅਤੇ ਸਨੀ, ਐਸ.ਡੀ.ਓ. ਜਮੀਰ ਹੁਸੈਨ, ਹਰਦੀਪ ਗਿੱਲ ਝੰਮਟ, ਰਿਸ਼ੀ, ਲਾਡੀ, ਘੋਗਾ ਤ੍ਰਿਹਨ ਅਰੋੜਾ, ਜਰਨੈਲ ਸਿੰਘ ਝੰਮਟ, ਆਦਿ ਨੇ ਕੈਂਪ ਵਿਚ ਵੱਧ ਚੜ ਕੇ ਸਹਿਯੋਗ ਪਾਇਆ।

# ਦੀਪ ਸਟਾਰ ਹੰਟ ਫਾਊਂਡੇਸ਼ਨ ਵੱਲੋਂ "ਟੈਲੈਂਟ ਹੰਟ ਜੂਨੀਅਰ ਸੈਸ਼ਨ-26" ਬੱਦੀ ਵਿੱਚ ਸਫਲਤਾਪੂਰਵਕ ਸੰਪੰਨ

## ਨੌਜਵਾਨ ਸਮਾਜਸੇਵੀ ਸਵਾਸਤਿਕ ਗੌਤਮ ਨੇ ਮੁੱਖ ਮਹਿਮਾਨ ਵਜੋਂ 101 ਪੌਦੇ ਵੰਡੇ, 5 ਜੂਨ ਵਿਸ਼ਵ ਵਾਤਾਵਰਣ ਦਿਵਸ ਅਤੇ 21 ਜੂਨ ਯੋਗ ਦਿਵਸ ਮੌਕੇ 201 ਪੌਦੇ ਲਗਾਏ ਜਾਣਗੇ







**ਚੰਡੀਗੜ੍ਹ, 24 ਮਈ (ਗੁਰਭਿੰਦਰ ਗੁਰੀ)** ਦੀਪ ਸਟਾਰ ਹੰਟ ਫਾਊਂਡੇਸ਼ਨ, ਪਰਵਾਣੂ ਵੱਲੋਂ "ਟੈਲੈਂਟ ਹੰਟ ਜੂਨੀਅਰ ਸੈਸ਼ਨ-26" ਦਾ ਆਯੋਜਨ ਹੋਟਲ ਬੀਕੇ, ਭੁੱਡ, ਬੱਦੀ ਵਿੱਚ ਬੜੀ ਸਫਲਤਾਪੂਰਵਕ ਕਰਵਾਇਆ ਗਿਆ। ਇਸ ਸਮਾਗਮ ਵਿੱਚ ਨੌਜਵਾਨ ਸਮਾਜਸੇਵੀ ਅਤੇ ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਜੌਇੰਟ ਸਕੱਤਰ ਸਵਾਸਤਿਕ ਗੌਤਮ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਪ੍ਰਤੀਭਾਗੀਆਂ ਨੂੰ 101 ਪੌਦੇ ਵੰਡੇ। ਇਸ ਮੌਕੇ ਸਵਾਸਤਿਕ ਗੌਤਮ ਨੇ ਕਿਹਾ ਕਿ ਨੌਜਵਾਨਾਂ ਨੂੰ ਦੇਸ਼ਹਿਤ ਦੀ ਭਾਵਨਾ ਨਾਲ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਸੰਸਥਾ ਨੂੰ ਭਵਿੱਖ ਵਿੱਚ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਸੰਸਥਾ ਦੇ ਪ੍ਰਧਾਨ ਅਰੂਪ ਠਾਕੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੁਕਾਬਲੇ ਵਿੱਚ ਅੰਬਾਲਾ, ਪੰਚਕੂਲਾ, ਚੰਡੀਗੜ੍ਹ ਅਤੇ ਹੋਰ ਖੇਤਰਾਂ ਤੋਂ ਕੁੱਲ 102 ਪ੍ਰਤੀਭਾਗੀਆਂ ਨੇ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਬੱਚਿਆਂ ਦੀ ਪ੍ਰਤਿਭਾ ਨੂੰ ਮੰਚ ਪ੍ਰਦਾਨ ਕਰਨਾ ਅਤੇ ਉਨ੍ਹਾਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਨਾ ਸੀ। ਉਨ੍ਹਾਂ ਨੇ ਅੱਗੇ ਦੱਸਿਆ ਕਿ 5 ਜੂਨ ਨੂੰ ਵਿਸ਼ਵ ਵਾਤਾਵਰਣ ਦਿਵਸ ਅਤੇ 21 ਜੂਨ ਨੂੰ ਯੋਗ ਦਿਵਸ ਮੌਕੇ ਸੀਨੀਅਰ ਵਰਗ ਦੇ ਆਡੀਸ਼ਨ ਕਰਵਾਏ ਜਾਣਗੇ ਅਤੇ ਸਵਾਸਤਿਕ ਗੌਤਮ ਵੱਲੋਂ ਵਾਤਾਵਰਣ ਜਾਗਰੂਕਤਾ ਤਹਿਤ 201 ਪੌਦੇ ਲਗਾਏ ਜਾਣਗੇ।

ਕਾਰਜਕ੍ਰਮ ਵਿੱਚ ਪ੍ਰੋਫੈਸ਼ਨਲ ਗਾਇਕਾ ਰਾਣੀ ਸੁਮਨ ਅਤੇ ਰਾਜੇਸ਼ ਮੈਡਮ ਨੇ ਜੱਜ ਵਜੋਂ ਹਾਜ਼ਰੀ ਭਰੀ ਅਤੇ ਪ੍ਰਤੀਭਾਗੀਆਂ ਦਾ ਨਿਰਪੱਖ ਮੁਲਾਂਕਣ ਕੀਤਾ। ਵੱਖ-ਵੱਖ ਮੁਕਾਬਲਿਆਂ ਵਿੱਚ ਬੱਚਿਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਕਥਕ ਡਾਂਸ ਵਿੱਚ ਅੰਬਾਲਾ ਦੀ ਆਰਾਧਿਆ ਜੇਤੂ ਰਹੀ, ਜਦਕਿ ਗਾਇਕੀ ਮੁਕਾਬਲੇ ਵਿੱਚ ਹਿਮਾਚਲ ਦੇ ਰੁਦ੍ਰ ਨੇ ਪਹਿਲਾ ਸਥਾਨ ਹਾਸਲ ਕੀਤਾ। ਮਾਡਲਿੰਗ ਮੁਕਾਬਲੇ ਵਿੱਚ ਅਭਿਸ਼ੇਕ ਜੇਤੂ ਰਹੇ ਅਤੇ ਪੇਂਟਿੰਗ ਮੁਕਾਬਲੇ ਵਿੱਚ ਕਾਵਿਆ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਕਾਰਜਕ੍ਰਮ ਦੌਰਾਨ ਜੇਤੂਆਂ ਅਤੇ ਹੋਰ ਪ੍ਰਤੀਭਾਗੀਆਂ ਨੂੰ ਟਰਾਫੀਆਂ, ਪ੍ਰਮਾਣ ਪੱਤਰ ਅਤੇ 101 ਪੌਦੇ ਸਮਾਜਸੇਵੀ ਸਵਾਸਤਿਕ ਗੌਤਮ ਵੱਲੋਂ ਭੇਂਟ ਕੀਤੇ ਗਏ। ਇਸ ਮੌਕੇ ਸਵਾਸਤਿਕ ਗੌਤਮ ਦੀ ਟੀਮ ਵੱਲੋਂ ਰਵੀ ਵਰਮਾ, ਪਲਕ, ਵੰਸ਼ਿਕਾ, ਨਿਹਾਰਿਕਾ, ਪੂਜਾ, ਧੈਰਿਆ, ਅਕਸ਼ਿਤ ਅਤੇ ਸਮ੍ਰਿਤੀ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ ਅਤੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ। ਕਾਰਜਕ੍ਰਮ ਵਿੱਚ ਮੌਜੂਦ ਅਭਿਭਾਵਕਾਂ ਅਤੇ ਮਹਿਮਾਨਾਂ ਨੇ ਬੱਚਿਆਂ ਦੀ ਪ੍ਰਤਿਭਾ ਦੀ ਭਰਪੂਰ ਸਰਾਹਨਾ ਕਰਦਿਆਂ ਇਸ ਆਯੋਜਨ ਦੀ ਖੂਬ ਪ੍ਰਸ਼ੰਸਾ ।

# ਹਰਵਿੰਦਰ ਸਿੰਘ ਬਿੱਟੂ ਦੇ ਹੱਕ ਵਿੱਚ ਹੋਇਆ ਭਰਵਾਂ ਚੋਣ ਜਲਸਾ, ਵਾਰਡ ਵਾਸੀਆਂ ਨੇ ਦਿੱਤਾ ਪੂਰਨ ਸਮਰਥਨ





**ਹਰਵਿੰਦਰ ਸਿੰਘ ਬਿੱਟੂ ਦੇ ਚੋਣ ਜਲਸੇ ਵਿੱਚ ਪ੍ਰਚਾਰ ਕਰਦੇ ਜਗਸੀਰ ਸਿੰਘ ਸੀਰਾ ਅਤੇ ਵੋਟਰਾਂ ਦਾ ਭਾਰੀ ਇਕੱਠ।**

**ਰਾਏਕੋਟ - 24 ਮਈ ( ਗੁਰਭਿੰਦਰ ਗੁਰੀ )** ਸਥਾਨਕ ਨਗਰ ਕੌਂਸਲ ਚੋਣਾਂ ਦੇ ਮੱਦੇਨਜ਼ਰ ਵਾਰਡ ਨੰਬਰ 10 ਤੋਂ ਅਜ਼ਾਦ ਉਮੀਦਵਾਰ ਹਰਵਿੰਦਰ ਸਿੰਘ ਬਿੱਟੂ ਚੋਣ ਨਿਸ਼ਾਨ ( ਟ੍ਰੈਕਟਰ ) ਦੀ ਚੋਣ ਮੁਹਿੰਮ ਨੂੰ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ, ਜਦੋਂ ਉਹਨਾਂ ਦੇ ਚੋਣ ਦਫ਼ਤਰ ਦੇ ਨਜ਼ਦੀਕ ਵਾਰਡ ਵਾਸੀਆਂ ਵੱਲੋਂ ਇੱਕ ਵਿਸ਼ਾਲ ਅਤੇ ਭਰਵਾਂ ਚੋਣ ਜਲਸਾ ਕੀਤਾ ਗਿਆ। ਇਸ ਜਲਸੇ ਵਿੱਚ ਇਲਾਕਾ ਨਿਵਾਸੀਆਂ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਹਰਵਿੰਦਰ ਸਿੰਘ ਬਿੱਟੂ ਦੇ ਪੱਖ ਵਿੱਚ ਹਵਾ ਦਾ ਰੁਖ਼ ਮੋੜ ਦਿੱਤਾ। ਚੋਣ ਜਲਸੇ ਵਿੱਚ ਵਿਸ਼ੇਸ਼ ਤੌਰ 'ਤੇ ਪੁੱਜੇ ਵੱਖ-ਵੱਖ ਰਾਜਨੀਤਿਕ ਸਮਾਜਿਕ ਆਗੂਆਂ ਅਤੇ ਪਤਵੰਤੇ ਸੱਜਣਾਂ ਜਿਵੇਂ ਅਕਾਲੀ ਆਗੂ ਜਗਸੀਰ ਸਿੰਘ ਸੀਰਾ ਬਨਭੌਰਾ,ਸੁਰਿੰਦਰ ਸਿੰਘ ਪੱਪੀ ਸਪਰਾ (ਬਸਪਾ ਆਗੂ )ਬਲਾਕ ਸੰਮਿਤੀ ਮੈਂਬਰ ਹਰਜੀਤ ਸਿੰਘ ਕਲਸੀਆਂ ਨੇ ਇੱਕਠ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਸੰਬੋਧਨ ਕੀਤਾ। ਬੁਲਾਰਿਆਂ ਨੇ ਹਰਵਿੰਦਰ ਸਿੰਘ ਬਿੱਟੂ ਦੀ ਨਿਸ਼ਕਾਮ ਸੇਵਾ, ਮਿਲਣਸਾਰ ਸੁਭਾਅ ਅਤੇ ਵਾਰਡ ਦੇ ਵਿਕਾਸ ਪ੍ਰਤੀ ਉਹਨਾਂ ਦੀ ਸੋਚ ਦੀ ਸ਼ਲਾਘਾ ਕੀਤੀ। ਉਹਨਾਂ ਨੇ ਵਾਰਡ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਵਾਰਡ ਨੰਬਰ 10 ਦੇ ਸਰਵਪੱਖੀ ਵਿਕਾਸ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਦੇ ਪਹਿਲ ਦੇ ਅਧਾਰ 'ਤੇ ਹੱਲ ਲਈ ਹਰਵਿੰਦਰ ਸਿੰਘ ਬਿੱਟੂ ਵਰਗੇ ਇਮਾਨਦਾਰ ਅਤੇ ਲੋਕ-ਸੇਵਕ ਉਮੀਦਵਾਰ ਨੂੰ ਕੌਂਸਲਰ ਵਜੋਂ ਚੁਣ ਕੇ ਨਗਰ ਕੌਂਸਲ ਵਿੱਚ ਭੇਜਣਾ ਸਮੇਂ ਦੀ ਮੁੱਖ ਲੋੜ ਹੈ।

ਜਲਸੇ ਦੌਰਾਨ ਉਸ ਸਮੇਂ ਮਾਹੌਲ ਪੂਰੀ ਤਰ੍ਹਾਂ ਬਿੱਟੂ ਦੇ ਪੱਖ ਵਿੱਚ ਹੋ ਗਿਆ, ਜਦੋਂ ਹਾਜ਼ਰ ਵਾਰਡ ਵਾਸੀਆਂ ਨੇ ਆਗੂਆਂ ਦੀ ਅਪੀਲ 'ਤੇ ਇਕਜੁੱਟਤਾ ਦਿਖਾਉਂਦੇ ਹੋਏ ਆਪਣੇ ਦੋਵੇਂ ਹੱਥ ਖੜੇ ਕਰਕੇ ਹਰਵਿੰਦਰ ਸਿੰਘ ਬਿੱਟੂ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਦਾ ਪੂਰਨ ਭਰੋਸਾ ਦਿੱਤਾ। ਲੋਕਾਂ ਦੇ ਇਸ ਉਤਸ਼ਾਹ ਨੇ ਵਿਰੋਧੀ ਖੇਮਿਆਂ ਵਿੱਚ ਹਲਚਲ ਮਚਾ ਦਿੱਤੀ ਹੈ। ਇਸ ਮੌਕੇ ਉਮੀਦਵਾਰ ਹਰਵਿੰਦਰ ਸਿੰਘ ਬਿੱਟੂ ਨੇ ਜਲਸੇ ਵਿੱਚ ਪਹੁੰਚੇ ਸਾਰੇ ਆਗੂਆਂ ਅਤੇ ਵਾਰਡ ਨਿਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਨੂੰ ਮਿਲ ਰਿਹਾ ਇਹ ਪਿਆਰ ਅਤੇ ਸਹਿਯੋਗ ਉਹਨਾਂ ਦੀ ਸਭ ਤੋਂ ਵੱਡੀ ਪੂੰਜੀ ਹੈ। ਉਹਨਾਂ ਵਿਸ਼ਵਾਸ ਦਿਵਾਇਆ ਕਿ ਜਿੱਤ ਕੇ ਨਗਰ ਕੌਂਸਲ ਵਿੱਚ ਜਾਣ ਤੋਂ ਬਾਅਦ ਉਹ ਵਾਰਡ ਦੀ ਨੁਹਾਰ ਬਦਲਣ ਵਿੱਚ ਕੋਈ ਕਸਰ ਨਹੀਂ ਛੱਡਣਗੇ ਅਤੇ ਲੋਕਾਂ ਦੇ ਇਸ ਮਾਣ-ਸਤਿਕਾਰ 'ਤੇ ਹਮੇਸ਼ਾ ਖ਼ਰੇ ਉਤਰਨਗੇ।

ਇਸ ਮੌਕੇ ਹਰਸ਼ਮਿੰਦਰ ਸਿੰਘ ਰਾਜ ਆਂਡਲੂ,ਸੀਨੀਅਰ ਕਾਂਗਰਸੀ ਨਿਰਮਲ ਸਿੰਘ ਤਲਵੰਡੀ,ਸਰਪੰਚ ਮਲਕੀਤ ਸਿੰਘ ਸੱਬਾ,ਰੀਟਾ ਗਿੱਲ(ਅਜ਼ਾਦ ਟੈਕਸੀ ਯੂਨੀਅਨ)ਕਰਮ ਸਿੰਘ ਨੰਬਰਦਾਰ, ਪਰਮਜੀਤ ਪੰਮਾ,ਠਾਕਰਜੀਤ ਸਿੰਘ ਤਾਜਪੁਰੀ,ਹਾਕਮ ਸਿੰਘ,ਜਗਤਾਰ ਸਿੰਘ,ਹਰਜਿੰਘ ਸਿੰਘ,ਗੁਰਪ੍ਰੀਤਸਿੰਘ ਕਲਸੀਆਂ,ਮੁਖਤਿਆਰ ਸਿੰਘ ਰਾਏਕੋਟ,ਮਲਕੀਤ ਸਿੰਘ ਮੀਤਾ ਅਤੇ ਵਾਰਡ ਦੇ ਕਈ ਪ੍ਰਮੁੱਖ ਆਗੂ ਹਾਜਿਰ ਸਨ। ਨੌਜਵਾਨ ਅਤੇ ਵੱਡੀ ਗਿਣਤੀ ਵਿੱਚ ਮਹਿਲਾਵਾਂ ਵੀ ਮੌਜੂਦ ਸਨ, ਜਿਨ੍ਹਾਂ ਨੇ ਹਰਵਿੰਦਰ ਸਿੰਘ ਬਿੱਟੂ ਦੇ ਹੱਕ ਵਿੱਚ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

for more news visit:
www.samajweekly.com

# ਟੱਪੇ


ਦਰਿਆ ਵਿੱਚ ਪਾਣੀ ਨਹੀਂ,
ਕਾਹਤੋਂ ਮਾਇਆ ਕੱਠੀ ਕਰਦਾ ਤੂੰ
ਇਹ ਤੇਰੇ ਨਾਲ ਤਾਂ ਜਾਣੀ ਨਹੀਂ।
ਦਾਣੇ ਭੱਠੀ ਵਾਲੀ ਭੁੰਨ ਰਹੀ,
ਉਸ ਨੂੰ ਛੇਤੀ ਭੁੱਲਦੀ ਨਹੀਂ
ਮਾੜੀ ਗੱਲ ਕਿਸੇ ਨੂੰ ਕਹੀ।
ਕੋਈ ਰਾਹ 'ਚ ਟੂਣਾ ਕਰ ਗਿਆ,
ਬੰਦੇ 'ਚ ਗੁਣ ਹੋਣੇ ਚਾਹੀਦੇ
ਰੰਗਾਂ 'ਚ ਕੁੱਝ ਨਹੀਂ ਪਿਆ।
ਟੱਬ ਵਿੱਚ ਪਾਣੀ ਏ,
ਕੋਈ ਕਿਸੇ ਦੀ ਗੱਲ ਨਾ ਸੁਣੇ
ਹਰ ਘਰ ਦੀ ਇਹੋ ਕਹਾਣੀ ਏ।
ਨਵੇਂ ਪੱਤੇ ਲੱਗ ਗਏ ਰੁੱਖਾਂ ਨੂੰ,
ਕਦੇ ਸਮਝੇ ਨਾ ਦੁੱਖ ਆਪਣੇ
ਅਮੀਰ ,ਗਰੀਬ ਦੇ ਦੁੱਖਾਂ ਨੂੰ।
ਸਾਧੂ ਗੇਟ ਦੇ ਬਾਹਰ ਖੜ੍ਹਾ,
ਹਾਕਮ ਬੜਾ ਖੁਸ਼ ਹੋਵੇ
ਲੋਕਾਂ ਨੂੰ ਆਪਸ 'ਚ ਲੜਾ।
ਸਾਧੂ ਦੇ ਗਲ਼ 'ਚ ਮਾਲਾ ਏ,
ਸੰਭਲ ਜਾ ਹੁਣ ਵੀ ਬੰਦਿਆ
ਧਰਤੀ ਹੇਠਲਾ ਪਾਣੀ ਮੁੱਕਣ ਵਾਲਾ ਏ।
ਸਾਡੇ ਖੇਤਾਂ ਵਿੱਚ ਡੇਕਾਂ ਨੇ,
ਇੱਕ, ਦੋ ਬੱਚਿਆਂ ਪਿੱਛੋਂ
ਪੰਜਾਬੀਆਂ ਨੇ ਲਾਈਆਂ ਬਰੇਕਾਂ ਨੇ।



**ਮਹਿੰਦਰ ਸਿੰਘ ਮਾਨ**
**ਫੋਨ 9915803554**

# ਪਰਦਾ ਰੱਖੋ

ਆਪਣੇ ਗੁਣਾਂ ਤੇ ਪਰਦਾ ਰੱਖੋ
ਦੂਜਿਆਂ ਦੇ ਦੋਸ਼ਾਂ ਤੇ ਪਰਦਾ ਰੱਖੋ।
ਭਜਨ ਅਤੇ ਭੋਜਨ ਤੇ ਪਰਦਾ ਰੱਖੋ
ਧੀ ਭੈਣ ਦੀ ਇੱਜਤ ਤੇ ਪਰਦਾ ਰੱਖੋ।
ਘਰ ਦੇ ਮਾਮਲਿਆਂ ਤੇ ਪਰਦਾ ਰੱਖੋ
ਆਪਣੇ ਸੋਹਣੇਪਨ ਤੇ ਪਰਦਾ ਰੱਖੋ।
ਧਨ ਦੌਲਤ ਦਾ ਮਾਣ ਨਹੀਂ ਪਰਦਾ ਰੱਖੋ
ਆਪਣੀ ਸਫਲਤਾ ਤੇ ਵੀ ਪਰਦਾ ਰੱਖੋ।
ਦੂਜਿਆਂ ਦੀ ਅਸਫਲਤਾ ਤੇ ਪਰਦਾ ਰੱਖੋ
ਦੂਜਿਆਂ ਦੇ ਰੋਲਿਆ ਰਪਿਆਂ ਤੇ ਪਰਦਾ ਰੱਖੋ।
ਕੋਈ ਰਾਜ ਦੀ ਗੱਲ ਦੱਸੇ ਪਰਦਾ ਰੱਖੋ
ਦੂਜੇ ਨਾਲ ਈਰਖਾ ਤੇ ਪਰਦਾ ਰੱਖੋ।
ਮਨ ਦੇ ਬੁਰੇ ਵਿਚਾਰਾਂ ਤੇ ਪਰਦਾ ਰੱਖੋ
ਮਨ ਵਿਚ ਆਵੇ ਕ੍ਰੋਧ ਪਰਦਾ ਰੱਖੋ।
ਕੰਮ ਬਣਨ ਤੱਕ ਯੋਜਨਾ ਤੇ ਪਰਦਾ ਰੱਖੋ
ਆਪਣੇ ਦੁੱਖ ਸੁੱਖ ਉੱਤੇ ਪਰਦਾ ਰੱਖੋ।
ਛੱਡਣ ਵਾਲੇ ਦੇ ਦੁੱਖ ਤੇ ਪਰਦਾ ਰੱਖੋ
ਅਚਾਨਕ ਮਿਲੇ ਵੱਡੀ ਖੁਸ਼ੀ ਪਰਦਾ ਰੱਖੋ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ 94 16 35 9045**

# ਰੁੱਖ

ਰੁੱਖ ਸਿਰਫ਼ ਲੱਕੜ ਨਹੀਂ ਹੁੰਦਾ,
ਉਹ ਧਰਤੀ ਦੀ ਲੰਮੀ ਉਮਰ ਦਾ
ਹਰਿਆ ਭਰਿਆ ਦਸਤਖ਼ਤ ਹੁੰਦਾ ਹੈ
ਮਿੱਟੀ ਦੇ ਸੀਨੇ ਵਿੱਚ ਗੱਡੀਆਂ
ਅਦਿੱਖ ਉਂਗਲਾਂ ਨਾਲ
ਸਮੇਂ ਦੀ ਨਬਜ਼ ਟਟੋਲਦਾ ਹੈ ਉਹ
ਉਸ ਦੀਆਂ ਜੜ੍ਹਾਂ—
ਧਰਤੀ ਦੇ ਅੰਦਰ ਲਿਖੀਆਂ
ਚੁੱਪ ਕਵਿਤਾਵਾਂ ਹਨ
ਜਿਨ੍ਹਾਂ ਨੂੰ ਕੇਵਲ ਮੀਂਹ ਹੀ ਪੜ੍ਹ ਸਕਦਾ ਹੈ
ਉਹ ਖੜ੍ਹਾ ਰਹਿੰਦਾ ਹੈ
ਜਿਵੇਂ ਕੋਈ ਸੰਤ
ਸਦੀਆਂ ਤੋਂ ਇੱਕੋ ਅਰਦਾਸ ਵਿੱਚ
ਲੀਨ ਹੋਵੇ
ਅਤੇ ਪੱਤੇ ਉਸ ਦੀ ਮਾਲਾ ਦੇ ਹਰੇ ਮਣਕੇ
ਹਵਾ ਦੇ ਹੋਠਾਂ ਉੱਤੇ
ਵਾਹਿਗੁਰੂ ਵਾਂਗ ਖੜਕਦੇ ਰਹਿੰਦੇ ਹਨ
ਰੁੱਖ ਧੁੱਪ ਦਾ ਅਨੁਵਾਦ ਕਰਦਾ ਹੈ
ਹਵਾ ਨੂੰ ਸਾਹ ਬਣਾਉਂਦਾ ਹੈ
ਪੰਛੀਆਂ ਦੇ ਡਰਾਂ ਪਰਾਂ ਨੂੰ
ਆਪਣੀ ਛਾਂ ਵਿੱਚ ਆਲਣਾ ਦਿੰਦਾ ਹੈ
ਜਦੋਂ ਕੋਈ ਥੱਕਿਆ ਮਨੁੱਖ
ਉਸ ਹੇਠ ਬਹਿੰਦਾ ਹੈ,
ਰੁੱਖ ਆਪਣੇ ਤਣੇ ਦੀਆਂ ਨਸਾਂ ਵਿੱਚੋਂ
ਇਕ ਅਦਿੱਖ ਠੰਡਕ
ਉਸ ਦੀ ਰੂਹ ਵਿੱਚ ਵਿਛਾਉਂਦਾ ਹੈ
ਕਿੰਨਾ ਅਜੀਬ ਹੈ—
ਮਨੁੱਖ ਤੁਰ ਸਕਦਾ ਹੈ
ਫਿਰ ਵੀ ਬੇਚੈਨ ਹੈ
ਰੁੱਖ ਤੁਰ ਨਹੀਂ ਸਕਦਾ,
ਫਿਰ ਵੀ ਅਸਮਾਨ ਤੱਕ ਪਹੁੰਚ ਜਾਂਦਾ ਹੈ
ਰੁੱਖ
ਧਰਤੀ ਦਾ ਉਹ ਫ਼ਕੀਰ ਹੈ
ਜੋ ਕਦੇ ਭਿੱਖ ਨਹੀਂ ਮੰਗਦਾ,
ਪਰ ਸਾਰੀ ਉਮਰ
ਛਾਂ, ਸਾਹ, ਫ਼ਲ, ਫੁੱਲ
ਅਤੇ ਚਿੜੀਆਂ ਦੇ ਘਰ ਵੰਡਦਾ ਹੈ
ਜਦੋਂ ਕੁਹਾੜੀ ਉਸ ਦੇ ਜਿਸਮ ਵਿੱਚ ਡੁੱਬਦੀ ਹੈ
ਤਾਂ ਕੇਵਲ ਲੱਕੜ ਨਹੀਂ ਚੀਰਦੀ—
ਉਹ ਮੌਸਮਾਂ ਦੀਆਂ ਰਗਾਂ ਕੱਟਦੀ ਹੈ
ਹਵਾਵਾਂ ਦੀ ਜ਼ਬਾਨ ਜਖ਼ਮੀ ਕਰਦੀ ਹੈ,
ਅਤੇ ਧਰਤੀ ਦੀਆਂ ਅੱਖਾਂ ਵਿੱਚ
ਬੁਰਾਦੇ ਵਰਗਾ ਦੁੱਖ ਭਰ ਦਿੰਦੀ ਹੈ
ਹਰ ਡਿੱਗਦਾ ਰੁੱਖ
ਅਸਲ ਵਿੱਚ ਇੱਕ ਖਾਮੋਸ਼
ਆਕਾਸ਼ ਦਾ ਕਤਲ ਹੁੰਦਾ ਹੈ
ਰੁੱਖਾਂ ਕੋਲ
ਕੋਈ ਸੰਸਦ ਨਹੀਂ ਫੌਜ ਨਹੀਂ
ਕੋਈ ਧਰਮ ਗ੍ਰੰਥ ਨਹੀਂ—
ਫਿਰ ਵੀ ਉਹ
ਸਭ ਤੋਂ ਵੱਡੇ ਦਾਰਸ਼ਨਿਕ ਹਨ
ਉਹ ਸਿਖਾਉਂਦੇ ਹਨ ਉੱਚਾ ਹੋਣਾ
ਅਸਮਾਨ ਨੂੰ ਛੂਹਣਾ ਨਹੀਂ
ਸਗੋਂ ਜੜ੍ਹਾਂ ਨੂੰ ਹੋਰ ਡੂੰਘਾ ਕਰਨਾ
ਅਤੇ ਅਖੀਰ ਵਿੱਚ
ਜਦੋਂ ਇੱਕ ਰੁੱਖ ਸੁੱਕ ਜਾਂਦਾ ਹੈ
ਉਹ ਮਰਦਾ ਨਹੀਂ—
ਉਹ ਆਪਣੇ ਅੰਦਰ ਸੰਭਾਲਿਆ ਹੋਇਆ ਸਾਰਾ ਸੂਰਜ
ਲੱਕੜ ਦੀਆਂ ਰਗਾਂ ਵਿੱਚ ਰੱਖ ਕੇ
ਚੁੱਪਚਾਪ ਅੱਗ ਨੂੰ ਵਾਰਸ ਬਣਾ ਜਾਂਦਾ ਹੈ



**ਅਮਰਜੀਤ ਟਾਂਡਾ**

# ਮਾਂ ਦੀ ਕਲਮ

ਜੇ ਮੇਰੀ ਮਾਂ ਦੇ ਹੱਥ ਵਿੱਚ ਹੁੰਦੀ, ਕਲਮ ਤਕਦੀਰਾਂ ਦੀ,
ਹਰ ਇੱਕ ਪੰਨੇ ਉੱਤੇ, ਮੇਰੀ ਲਈ ਮੌਜ਼ ਹੀ ਮੌਜ਼ ਲਿਖਦੀ।
ਕਿਸੇ ਮਾੜੀ ਰੁੱਤ ਦਾ, ਪਰਛਾਵਾਂ ਵੀ ਨਾ ਆਉਣ ਦਿੰਦੀ,
ਮੇਰੇ ਸਿਰ 'ਤੇ ਸਦਾ ਹੀ, ਸੁੱਖਾਂ ਵਾਲੀ ਫ਼ੌਜ ਲਿਖਦੀ।
ਜੇ ਮੇਰੀ ਮਾਂ ਦੇ ਹੱਥ ਵਿੱਚ ਹੁੰਦੀ, ਕਲਮ ਤਕਦੀਰਾਂ ਦੀ...
ਉਹ ਕਿੱਥੇ ਲਿਖਦੀ, ਮੇਰੇ ਹਿੱਸੇ ਵੱਟਾਂ ਉੱਤੇ ਰੁਲਣਾ,
ਉਹ ਤਾਂ ਮੇਰੇ ਪੈਰਾਂ ਹੇਠਾਂ, ਮਖ਼ਮਲੀ ਰਾਹ ਲਿਖਦੀ।
ਕਿਸੇ ਪਾਸਿਓਂ ਆਉਂਦੀ ਨਾ, ਕੋਈ ਤੱਤੀ ਵਾਅ ਮੈਨੂੰ,
ਉਹ ਮੇਰੇ ਚਾਰੇ ਪਾਸੇ, ਦੁਆਵਾਂ ਦਾ ਇੱਕ ਕਿਲ੍ਹਾ ਲਿਖਦੀ।
ਮੇਰੇ ਹੰਝੂਆਂ ਦੀ ਜਗ੍ਹਾ, ਉਹ ਮੋਤੀ ਪਰੋ ਦਿੰਦੀ,
ਹਰ ਇੱਕ ਸਾਹ ਦੇ ਨਾਲ, ਮੇਰਾ ਨਵਾਂ ਚਾਅ ਲਿਖਦੀ।
ਜੇ ਮੇਰੀ ਮਾਂ ਦੇ ਹੱਥ ਵਿੱਚ ਹੁੰਦੀ, ਕਲਮ ਤਕਦੀਰਾਂ ਦੀ...
ਕਦੇ ਨਾ ਲਿਖਦੀ, ਮੇਰੀ ਕਿਸਮਤ ਵਿੱਚ ਉਹ ਥੋੜ੍ਹਾਂ ਨੂੰ,
ਉਹ ਤਾਂ ਮੇਰੇ ਵਿਹੜੇ ਵਿੱਚ, ਰੱਬ ਦੀ ਰਹਿਮਤ ਲਿਖਦੀ।
ਮੇਰੇ ਨਾਮ ਦੇ ਮੂਹਰੇ, ਲਾ ਕੇ ਕੋਈ ਵੱਡਾ ਖ਼ਿਤਾਬ,
ਉਹ ਪੂਰੇ ਜੱਗ ਦੇ ਵਿੱਚ, ਮੇਰੀ ਵੱਖਰੀ ਹਕੂਮਤ ਲਿਖਦੀ।
ਨਾ ਆਉਂਦੀ ਹਾਰ ਕਦੇ, ਮੇਰੇ ਨੇੜੇ-ਤੇੜੇ ਵੀ,
ਉਹ ਤਾਂ ਮੇਰੀ ਹਰ ਇੱਕ ਮਿਹਨਤ ਦੀ, ਕੀਮਤ ਲਿਖਦੀ।
ਜੇ ਮੇਰੀ ਮਾਂ ਦੇ ਹੱਥ ਵਿੱਚ ਹੁੰਦੀ, ਕਲਮ ਤਕਦੀਰਾਂ ਦੀ...
ਉਹਦੇ ਹੱਥ ਦੀਆਂ ਲੀਕਾਂ, ਮੇਰੀ ਉਮਰ ਬਣ ਜਾਂਦੀਆਂ,
ਉਹ ਮੇਰੀ ਹਰ ਸਵੇਰ ਨੂੰ, ਇੱਕ ਨਵੀਂ ਈਦ ਲਿਖਦੀ।
"ਖਿੱਚੀ", ਕਿਸੇ ਗ਼ਮ ਦੀ ਨਾ, ਗੁੰਜਾਇਸ਼ ਰਹਿਣੀ ਸੀ,
ਜੇ ਉਹ ਮੇਰੇ ਜੀਵਨ ਦੀ, ਕੋਈ ਪਾਕ ਉਮੀਦ ਲਿਖਦੀ।
ਮੈਂ ਰੱਬ ਦੇ ਲੇਖਾਂ ਦੀ, ਫਿਰ ਪਰਵਾਹ ਕੀ ਕਰਨੀ ਸੀ,
ਜੇ ਮੇਰੀ ਮਾਂ ਹੀ, ਮੇਰੇ ਸਾਹਾਂ ਦੀ ਤਾਰੀਖ਼ ਲਿਖਦੀ।
ਜੇ ਮੇਰੀ ਮਾਂ ਦੇ ਹੱਥ ਵਿੱਚ ਹੁੰਦੀ, ਕਲਮ ਤਕਦੀਰਾਂ ਦੀ...

**ਪ੍ਰੋ. ਪਵਨ ਖਿੱਚੀ,**
**ਮਾਨਸਾ**
**ਮੋਬਾ.**
**9478160786**






# ਪੰਜਾਬ ਵਿੱਚ ਦਿਨ ਦਿਹਾੜੇ ਭੁੰਨਿਆ ਜਾ ਰਿਹਾ ਹੈ ਕਾਨੂੰਨ ਦੇ ਰਖਵਾਲਿਆਂ ਨੂੰ

## ਪੰਜਾਬ ਸਰਕਾਰ ਅਮਨ ਕਾਨੂੰਨ ਰੱਖਣ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਈ : ਪ੍ਰਧਾਨ ਸੁਰਿੰਦਰ ਸ਼ਿੰਦਾ ਰੈਲਮਾਜਰਾ

**ਨਵਾਂਸ਼ਹਿਰ 24 ਮਈ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਇਨੀ ਨਿੱਘਰ ਚੁੱਕੀ ਜਿਸ ਨੂੰ ਬਿਆਨ ਕਰਨਾ ਬਹੁਤ ਹੀ ਔਖਾ ਹੈ। ਜਿੱਥੇ ਕਾਨੂੰਨ ਦੇ ਰਖਵਾਲਿਆਂ ਨੂੰ ਦਿਨ ਦਿਹਾੜੇ ਅਣਪਛਾਤੇ ਆਦਮੀਆਂ ਨੇ ਗੋਲੀਆ ਮਾਰਕੇ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ। ਉੱਥੇ ਆਮ ਆਦਮੀ ਦੀ ਜ਼ਿੰਦਗੀ ਦੀ ਰਖਵਾਲੀ ਕੋਣ ਕਰ ਸਕਦਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸੀਨੀਅਰ ਕਾਂਗਰਸੀ ਆਗੂ ਅਤੇ ਪਾਰਟੀ ਦੇ ਬੁਲਾਰੇ ਪ੍ਰਧਾਨ ਸੁਰਿੰਦਰ ਸ਼ਿੰਦਾ ਰੈਲਮਾਜਰਾ ਇੱਕ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਨੇ ਹੈਰਾਨੀ ਪ੍ਰਗਟ



ਕੀਤੀ ਕਿ ਮਜੀਠਾ ਵਿੱਚ ਡਿਊਟੀ ਕਰ ਰਹੇ ਏ ਐਸ ਆਈ ਜੱਗਾ ਸਿੰਘ ਨੂੰ ਸਮਾਜ ਵਿਰੋਧੀ ਅਨਸਰਾਂ ਵਲੋਂ ਦਿਨ ਦਿਹਾੜੇ ਗੋਲੀਆਂ ਮਾਰ ਕੇ ਖਤਮ ਕਰ ਦੇਣਾ ਜਿੱਥੇ ਇਨਸਾਨੀਅਤ ਲਈ ਘਾਤਕ ਸੁਨੇਹਾ ਦਿੱਤਾ ਜਾਂਦਾ ਹੈ। ਉੱਥੇ ਪੰਜਾਬ ਸਰਕਾਰ ਦੀ ਨਾਅਹਿਲੀਅਤ ਨੂੰ ਦਰਸਾਉਂਦਾ ਹੈ। ਹੈਰਾਨੀ ਦੀ ਗੱਲ ਹੈ ਪੰਜਾਬ ਭਰ ਵਿੱਚ ਰੋਜ਼ਾਨਾ ਅਜਿਹੀਆਂ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲੀਆਂ ਘਟਨਾਵਾਂ ਹਰ ਰੋਜ ਵਾਪਰਦੀਆਂ ਹਨ ।ਪਰ ਪੰਜਾਬ ਸਰਕਾਰ ਦੇ ਕੰਨ ਤੇ ਜੂੰ ਨਹੀਂ ਤੱਕ ਨਹੀਂ ਸਰਕਦੀ। ਪ੍ਰਧਾਨ ਸੁਰਿੰਦਰ ਸ਼ਿੰਦਾ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਰੋਜ਼ਾਨਾ ਹੀ ਵਾਪਸ ਰਹੀਆਂ ਹਨ ਅਤੇ ਸਰਕਾਰ ਨੂੰ ਅਜਿਹੀਆਂ ਘਟਨਾਵਾਂ ਦੀ ਜਿੰਮੇਵਾਰੀ ਲੈਂਦਿਆਂ ਤੁਰੰਤ ਅਸਤੀਫਾ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਮ੍ਰਿਤਕ ਏ ਐਸ ਆਈ ਜੱਗਾਂ ਦੇ ਪਰਿਵਾਰ ਨਾਲ ਗਹਿਰੇ ਦੁੱਖ ਪ੍ਰਗਟਾਵਾ ਕਰਦਿਆਂ ਪ੍ਰਮਾਤਮਾ ਅੱਗੇ ਅਰਦਾਸ ਕੀਤੀ ਹੈ। ਕਿ ਪ੍ਰਮਾਤਮਾ ਇਸ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਲੈਸਟਰ ’ਚ ਰਿਲੀਜ਼ ਹੋਈ ਲਵਸ਼ਿੰਦਰ ਸਿੰਘ ਡੱਲੇਵਾਲ ਦੀ ਕਿਤਾਬ “ਸਿੱਦਕੀ ਤੇ ਸੰਘਰਸ਼ੀ”

**ਲੈਸਟਰ (ਇੰਗਲੈਂਡ), 24 ਮਈ (ਸੁਖਜਿੰਦਰ ਸਿੰਘ ਢੱਡੇ)–** ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਲੈਸਟਰ ਵਿਖੇ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵੱਲੋਂ ਲਿਖੀ ਅਤੇ ਬੀਬੀ ਰਸ਼ਪਿੰਦਰ ਕੌਰ ਗਿੱਲ ਵੱਲੋਂ ਸੰਪਾਦਿਤ ਕੀਤੀ ਗਈ ਨਿਵੇਕਲੀ ਕਿਤਾਬ “ਸਿੱਦਕੀ ਤੇ ਸੰਘਰਸ਼ੀ” ਲੋਕ ਅਰਪਣ ਕੀਤੀ ਗਈ। ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਧਾਰਮਿਕ, ਸਮਾਜਿਕ ਅਤੇ ਪੰਥਕ ਸ਼ਖਸੀਅਤਾਂ ਨੇ ਹਾਜ਼ਰੀ ਭਰੀ ਅਤੇ ਕਿਤਾਬ ਨੂੰ ਸੰਘਰਸ਼ ਦੇ ਇਤਿਹਾਸ ਨੂੰ ਸੰਭਾਲਣ ਵਾਲਾ ਮਹੱਤਵਪੂਰਨ ਯਤਨ ਕਰਾਰ ਦਿੱਤਾ।

ਕਿਤਾਬ ਲੋਕ ਅਰਪਣ ਕਰਨ ਦੀ ਰਸਮ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੁਰਨਾਮ ਸਿੰਘ ਨਵਾਂਸ਼ਹਿਰ, ਸਟੇਜ ਸਕੱਤਰ ਭਾਈ ਮੁਖਤਿਆਰ ਸਿੰਘ, ਭਾਈ ਰਾਜਮਨਵਿੰਦਰ ਸਿੰਘ ਰਾਜਾ ਕੰਗ, ਭਾਈ ਬਰਿੰਦਰ ਸਿੰਘ ਬਿੱਟੂ, ਭਾਈ ਰਾਜਵੰਤ ਸਿੰਘ ਕੰਗ ਧਰਮੀ ਫੌਜੀ, ਭਾਈ ਮਨਜੀਤ ਸਿੰਘ ਢੱਕ ਮਾਜਰਾ, ਭਾਈ ਭਜਨ ਸਿੰਘ ਢਾਡੀ ਅਤੇ ਭਾਈ ਕੁਲਦੀਪ ਸਿੰਘ ਚਹੇੜੂ ਸਮੇਤ ਹੋਰ ਪ੍ਰਮੁੱਖ ਸਖਸ਼ੀਅਤਾਂ ਦੀ ਮੌਜੂਦਗੀ ਵਿੱਚ ਅਦਾ ਕੀਤੀ ਗਈ।



**ਲੈਸਟਰ ਵਿਖੇ “ਸਿੱਦਕੀ ਤੇ ਸੰਘਰਸ਼ੀ” ਕਿਤਾਬ ਲੋਕ ਅਰਪਣ ਕਰਨ ਮੌਕੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨਾਲ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਅਤੇ ਹੋਰ ਸ਼ਖਸੀਅਤਾਂ। ਤਸਵੀਰ:– ਸੁਖਜਿੰਦਰ ਸਿੰਘ ਢੱਡੇ**

ਇਸ ਮੌਕੇ ਬੋਲਦਿਆਂ ਬੁਲਾਰਿਆਂ ਨੇ ਕਿਹਾ ਕਿ ਜਿਹੜੀਆਂ ਕੌਮਾਂ ਆਪਣੇ ਸੰਘਰਸ਼ਾਂ, ਕੁਰਬਾਨੀਆਂ ਅਤੇ ਇਤਿਹਾਸ ਨੂੰ ਲਿਖਤੀ ਰੂਪ ਵਿੱਚ ਨਹੀਂ ਸੰਭਾਲਦੀਆਂ, ਉਨ੍ਹਾਂ ਦੀ ਅਸਲ ਕਹਾਣੀ ਸਮੇਂ ਦੇ ਨਾਲ ਵਿਸਰ ਜਾਂਦੀ ਹੈ। ਉਨ੍ਹਾਂ ਕਿਹਾ ਕਿ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਸੰਘਰਸ਼ ਦੇ ਦੌਰ ਨੂੰ ਨੇੜਿਓਂ ਵੇਖਿਆ ਅਤੇ ਹੱਡੀਂ ਹੰਢਾਇਆ ਹੈ, ਜਿਸ ਕਾਰਨ ਉਨ੍ਹਾਂ ਦੀ ਲਿਖਤ ਵਿੱਚ ਸੱਚਾਈ ਅਤੇ ਦਰਦ ਦੀ ਡੂੰਘੀ ਛਾਪ ਦਿਖਾਈ ਦਿੰਦੀ ਹੈ।

ਸਮਾਗਮ ਦੌਰਾਨ ਇਹ ਵੀ ਦੱਸਿਆ ਗਿਆ ਕਿ “ਸਿੱਦਕੀ ਤੇ ਸੰਘਰਸ਼ੀ” ਤੋਂ ਪਹਿਲਾਂ ਭਾਈ ਡੱਲੇਵਾਲ ਵੱਲੋਂ “ਸੰਘਰਸ਼ ਦਾ ਦੌਰ” ਨਾਮਕ ਕਿਤਾਬ ਵੀ ਲਿਖੀ ਜਾ ਚੁੱਕੀ ਹੈ, ਜਿਸ ਨੂੰ ਪੰਥਕ ਹਲਕਿਆਂ ਵਿੱਚ ਭਰਵਾਂ ਹੁੰਗਾਰਾ ਮਿਲਿਆ ਸੀ। ਨਵੀਂ ਕਿਤਾਬ ਵਿੱਚ ਸੰਘਰਸ਼ ਦੇ ਦੌਰ ਦੀਆਂ ਯਾਦਾਂ, ਸਾਥੀਆਂ ਦੇ ਜਜ਼ਬੇ, ਜੇਲ੍ਹ ਜੀਵਨ, ਜਲਾਵਤਨੀ ਅਤੇ ਕੌਮੀ ਸਿੱਦਕ ਨਾਲ ਜੁੜੇ ਕਈ ਅਹਿਮ ਪੱਖਾਂ ਨੂੰ ਦਰਸਾਇਆ ਗਿਆ ਹੈ।

ਜਿਕਰਯੋਗ ਹੈ ਕਿ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਪਿਛਲੇ ਸਾਢੇ ਤਿੰਨ ਦਹਾਕਿਆਂ ਤੋਂ ਜਲਾਵਤਨੀ ਜੀਵਨ ਬਤੀਤ ਕਰ ਰਹੇ ਹਨ ਅਤੇ ਉਹ ਬਰਤਾਨੀਆ ਦੀਆਂ ਖਾਲਿਸਤਾਨੀ ਜਥੇਬੰਦੀਆਂ ਦੇ ਸੰਗਠਨ ਦੇ ਸਾਂਝੇ ਪ੍ਰਬੰਧਕ ਵਜੋਂ ਵੀ ਸਰਗਰਮ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਕੌਮਾਂ ਦੇ ਸੰਘਰਸ਼ ਅਤੇ ਕੁਰਬਾਨੀਆਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣਾ ਸਮੇਂ ਦੀ ਵੱਡੀ ਲੋੜ ਹੈ।

ਸਮਾਗਮ ਦੇ ਅੰਤ ਵਿੱਚ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ।

# ਪਿੰਡ ਚਹਿਲ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੀ ਬਰਾਂਚ ਦਾ ਪੁਨਰਗਠਨ ਕੀਤਾ ਗਿਆ:- ਕਾਮਰੇਡ ਵੀਰ ਸਿੰਘ ਕੰਮੇਆਣਾ

**ਫ਼ਰੀਦਕੋਟ ( ਸ਼ਿਵਨਾਥ )** ਅੱਜ ਪਿੰਡ ਚਹਿਲ ਵਿਖੇ ਸੀ ਪੀ ਆਈ ਦੀ ਬਰਾਂਚ ਦਾ ਪੁਨਰਗਠਨ ਕੀਤਾ ਗਿਆ। ਇਸ ਬਰਾਂਚ 'ਚ ਪਾਰਟੀ ਮੁਤਾਬਿਕ ਅਹੁਦੇਦਾਰਾਂ ਦੀ ਤੇ ਮੈਬਰ ਸਹਿਬਾਨ ਦੀ ਚੋਣ ਕੀਤੀ । ਜਿਵੇ ਕਿ ਬਰਾਂਚ ਦੇ ਸਕੱਤਰ ਹਰਪ੍ਰੀਤ ਕੌਰ ਜੀ ਨੂੰ ਲਗਾਇਆ ਗਿਆ ਅਤੇ ਇਸੇ ਤਰਾਂ ਬਰਾਂਚ ਦੇ ਦਸ ਮੈਂਬਰਾਂ ਚੋਣ ਕੀਤੀ ਗਈ। ਪ੍ਰੈਸ ਨਾਲ ਗੱਲਬਾਤ ਦੌਰਾਨ ਨਰੇਗਾ ਰੁਜ਼ਗਾਰ ਪ੍ਰਾਪਤ ਮਜਦੂਰ ਯੂਨੀਅਨ ਦੇ ਜਿਲਾਂ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਜੀ ਨੇ ਦੱਸਿਆ ਕਿ ਅਸੀ ਨਵੀ ਬਰਾਂਚ ਦਾ ਪੁਨਰਗਠਨ ਕੀਤਾ , ਸਾਡੀਆਂ ਬਰਾਂਚਾਂ ਲਗਾਤਾਰ ਫ਼ਰੀਦਕੋਟ ਦੇ ਪਿੰਡਾਂ ਵਿਚ ਬਣਾਈਆਂ ਜਾ ਰਹੀਆਂ, ਅਸੀ ਭਾਰਤੀ ਕਮਿਊਨਿਸਟ ਪਾਰਟੀ ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਇਕ ਕਰ ਰਹੇ ਹਾਂ। ਇਸ ਸਮੇ ਕੰਮੇਆਣਾ ਜੀ ਨੇ ਸ਼ਰਾਰਤੀ ਅਨਸਰਾਂ ਦੀ ਨਖੇਧੀ ਕਰਦਿਆਂ ਕਿਹਾ ਓਨਾਂ ਸਾਡੀ ਪਾਰਟੀ ਦੇ ਆਗੂ ਸਾਬਕਾ ਐਮ.ਐਲ.ਏ ਕਾਮਰੇਡ ਸ੍ਰੀ ਹਰਦੇਵ ਅਰਸੀ ਦੀ ਗੱਡੀ ਦੀ



ਭੰਨਤੋੜ ਤੇ ਅਫਸੋਸ ਪ੍ਰਗਟਾਇਆ ਤੇ ਮਾਨਸਾ ਪੁਲਸ ਪ੍ਰਸ਼ਾਸਨ ਨੂੰ ਛਾਣਬੀਣ ਕਰ ਕੇ ਮੁਲਜਮਾਂ ਨੂੰ ਜੇਲ ਭੇਜਣ ਲਈ ਗੁਹਾਰ ਲਗਾਈ। ਇਸ ਸਬੰਧੀ ਪਾਰਟੀ ਵਰਕਰਾਂ ਵਿਚ ਰੋਸ ਹੈ।

ਅਸੀ 7 ਜੂਨ ਨੂੰ ਕਾਮਰੇਡ ਅਮੋਲਕ ਸਿੰਘ ਜੀ ਦੀ ਬਰਸੀ ਮਨਾਉਣ ਜਾ ਰਹੇ ਹਾਂ ਅਤੇ ਇਸ ਬਰਸੀ ਤੇ ਅਸੀ ਭਾਰੀ ਇਕੱਠ ਹੋਵੇਗਾ। ਇਸ ਸਬੰਧ ਵਿੱਚ ਪਾਰਟੀ ਵਰਕਰਾਂ ਨਾਲ ਭਾਰੀ ਇਕੱਠ ਕਰਨ ਲਈ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ। ਇਸ ਸਮੇ ਨਰੇਗਾ ਦੇ ਮੁੱਖ ਸਲਾਹਕਾਰ ਬਲਕਾਰ ਸਿੰਘ ਸਹੋਤਾ, ਵੀਰਪਾਲ ਕੌਰ ਨਵਾਂ ਕਿਲਾ, ਸੁਖਮੰਦਰ ਸਿੰਘ ਢੁੱਡੀ, ਗੁਰਜੰਟ ਸਿੰਘ ਆਦਿ ਹਾਜ਼ਰ ਸਨ ।

# ਰੈਲ ਮਾਜਰਾ ਵਿਖੇ ਨੀਲੇ ਕਾਰਡ ਧਾਰਕਾਂ ਨੂੰ 350 ਸਰਕਾਰੀ ਰਾਸ਼ਨ ਕਿੱਟਾਂ ਵੰਡਣ ਦੀ ਸ਼ੁਰੂਆਤ: ਸਰਪੰਚ ਸਿਕੰਦਰ ਸਿੰਘ ਲਾਂਦੀ ਰੈਲਮਾਜਰਾ

**ਨਵਾਸ਼ਹਿਰ /ਕਾਠਗੜ੍ਹ 24 ਮਈ (ਜਤਿੰਦਰ ਪਾਲ ਸਿੰਘ ਕਲੇਰ )**ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਵਲੋਂ ਭੇਜੀਆਂ ਗਈਆਂ ਲੋਕ ਭਲਾਈ ਰਾਸ਼ਨ ਕਿੱਟਾਂ ਨੂੰ ਵੰਡਣ ਦੀ ਸ਼ੁਰੂਆਤ ਅੱਜ ਪਿੰਡ ਰੈਲ ਮਾਜਰਾ ਵਿਖੇ ਪੂਰੇ ਪਾਰਦਰਸ਼ੀ ਤਰੀਕੇ ਨਾਲ ਸ਼ੁਰੂਆਤ ਕੀਤੀ ਗਈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਦੀਪ ਕੁਮਾਰ ਸ਼ਰਮਾ ਡੀਪੂ ਹੋਲਡਰ ਰੈਲਮਾਜਰਾ ਨੇ ਦੱਸਿਆ ਕਿ ਪਿੰਡ ਰੈਲਮਾਜਰਾ ਲਈ ਕੁੱਲ 350 ਸਰਕਾਰੀ ਕਿੱਟਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਦੀ ਵੰਡ ਅੱਜ ਤੋਂ ਸ਼ੁਰੂ ਕਰ ਦਿੱਤੀ ਗਈ ਹੈ। ਇਸ ਰਾਸ਼ਨ ਦੀ ਵੰਡ ਕਰਾਉਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਸਰਪੰਚ ਸਿਕੰਦਰ ਸਿੰਘ ਲਾਂਦੀ ਰੈਲ ਮਾਜਰਾ ਅਤੇ ਸਰਪੰਚ ਸੁਰਿੰਦਰ ਸ਼ਰਮਾ ਮਾਜਰਾ ਬੇਟ ਦੀ ਹਾਜ਼ਰੀ



ਵਿੱਚ ਆਮ ਨੀਲੇ ਕਾਰਡ ਧਾਰਕਾਂ ਅਤੇ ਲੋੜਵੰਦ ਪਰਿਵਾਰਾਂ ਨੂੰ ਇਹ ਕਿੱਟਾਂ ਤਕਸੀਮ ਕੀਤੀਆਂ ਗਈਆਂ।ਸਰਕਾਰ ਵਲੋਂ ਭੇਜੀਆਂ ਗਈਆਂ ਇਨ੍ਹਾਂ ਕਿੱਟਾਂ ਵਿੱਚ ਰੋਜ਼ਾਨਾ ਵਰਤੋਂ ਦੀਆਂ ਹੇਠ ਲਿਖੀਆਂ ਵਸਤੂਆਂ ਸ਼ਾਮਲ ਛੋਲਿਆਂ ਦੀ ਦਾਲ 2, ਕਿਲੋ ਚੀਨੀ 2 ਕਿਲੋ, ਨਮਕ1 ਕਿਲੋ, ਹਲਦੀ ਪਾਊਡਰ 200 ਗ੍ਰਾਮ, ਸਰ੍ਹੋਂ ਦਾ ਤੇਲ 1 ਲੀਟਰ, ਪਿੰਡ ਨਿਵਾਸੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਸਕੀਮਾਂ ਤਹਿਤ ਮਿਲਣ ਵਾਲੀਆਂ ਸਰਕਾਰੀ ਸਹੂਲਤਾਂ ਸਹੀ ਸਮੇਂ 'ਤੇ ਮਿਲਣ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਸਰਕਾਰ ਦਾ ਧੰਨਵਾਦ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਲਾਲ ਚੰਦ ਕਸਾਨਾਂ , ਨੇਤਰ ਪੰਚ, ਜੱਸੀ ਫੋਟੋਗ੍ਰਾਫਰ, ਅਜੇ ਮਹਿਤੋ, ਅਮਨਦੀਪ ਭਾਟੀਆ, ਭੂਸ਼ਣ, ਵਿਸ਼ਾਲ ਸ਼ਰਮਾ, ਖੁਸ਼ਬੂ ਮਹਿਤੋ ਅਤੇ ਸਾਹਿਲ ਸ਼ਰਮਾ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਕਰਤਾਰ ਸਿੰਘ ਸਰਾਭਾ ਜਨਮ ਦਿਵਸ ਸਮਾਗਮ ਨੇ ਦਿੱਤਾ ਜੋਰ 'ਸਮੇਂ ਨੂੰ ਸਰਾਭਿਆਂ ਦੀ ਲੋੜ'

**ਜਲੰਧਰ (ਸਤਨਾਮ ਸਿੰਘ ਸਹੂੰਗੜਾ )** ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 130ਵੇਂ ਜਨਮ ਦਿਹਾੜੇ ਮੌਕੇ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਮਨਾਏ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਕੀਤੇ ਵਿਚਾਰ-ਚਰਚਾ ਸਮਾਗਮ 'ਚ ਵਿਸ਼ੇਸ਼ ਕਰਕੇ ਜੁਆਨੀ ਨੂੰ ਸੱਦਾ ਦਿੱਤਾ ਕਿ ਉਹ ਹਰ ਵੰਨਗੀ ਦੇ ਬਹਿਕਾਵੇ, ਭਟਕਣ, ਕਰਾਹੇ ਅਤੇ ਕਾਲਪਨਿਕ ਸੁਪਨ ਉਡਾਰੀਆਂ ਤੋਂ ਬਚਕੇ, ਸ਼ਹੀਦ ਕਰਤਾਰ ਸਿੰਘ ਸਰਾਭੇ ਅਤੇ ਉਸਦੇ ਸੰਗੀ ਸਾਥੀਆਂ ਦੇ ਸੰਗਰਾਮੀ ਸਫ਼ਰ ਤੋਂ ਸਬਕ ਲੈਂਦੇ ਹੋਏ, ਮੁਲਕ ਨੂੰ ਦੇਸੀ ਬਦੇਸ਼ੀ ਹਰ ਵੰਨਗੀ ਦੀ ਗ਼ੁਲਾਮੀ, ਦਾਬੇ, ਵਿਤਕਰੇ, ਅਨਿਆਂ ਅਤੇ ਜ਼ਬਰ ਜ਼ੁਲਮ ਤੋਂ ਮੁਕਤ, ਖ਼ੂਬਸੂਰਤ ਨਿਜ਼ਾਮ ਦੀ ਸਿਰਜਣਾ ਲਈ ਸੰਘਰਸ਼ ਦੇ ਪਿੜ੍ਹ ਮੱਲਣ ਵਾਸਤੇ ਅੱਗੇ ਆਏ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਕਿਹਾ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਹਾੜੇ ਮੌਕੇ ਵਿਚਾਰ-ਚਰਚਾ ਵਰਗੀ ਲੜੀ ਸਾਨੂੰ ਨਿਰੰਤਰ ਜਾਰੀ ਰੱਖਣ ਦੀ ਲੋੜ ਹੈ ਉਹਨਾਂ ਕਿਹਾ ਕਿ ਬੱਬਰ ਅਕਾਲੀ ਲਹਿਰ ਦੀ ਸ਼ਹਾਦਤ ਸ਼ਤਾਬਦੀ ਦੇ ਇਸ ਵਰ੍ਹੇ ਅੰਦਰ ਸਾਨੂੰ ਸਰਾਭਾ ਜੀ ਦੇ ਜਨਮ ਦਿਹਾੜੇ ਤੋਂ ਇਹ ਅਹਿਦ ਕਰਨ ਦੀ ਲੋੜ ਹੈ ਕਿ ਅਣਗੌਲੇ ਕੀਤੇ ਇਤਿਹਾਸ ਦੀਆਂ ਪੈੜਾਂ ਖੋਜਣ ਅਤੇ ਸੰਭਾਲਣ ਦੀ ਮੁਹਿੰਮ ਜਾਰੀ ਰਹੇ। ਅੱਜ ਦੇ ਸਮਾਗਮ ਦਾ ਆਗਾਜ਼ ਸ਼ਹੀਦ ਕਰਤਾਰ ਸਿੰਘ ਸਰਾਭਾ ਸਮੇਤ ਗ਼ਦਰ ਲਹਿਰ, ਕੂਕਾ ਲਹਿਰ, ਬੱਬਰ ਅਕਾਲੀ ਲਹਿਰ, ਸ਼ਹੀਦ ਭਗਤ ਸਿੰਘ ਹੋਰਾਂ ਦੀ ਨੌਜਵਾਨ ਭਾਰਤ ਸਭਾ ਲਹਿਰ ਅਤੇ ਦਰਜ਼ਣਾਂ ਕਰਾਂਤੀਕਾਰੀ ਸਖਸ਼ੀਅਤਾਂ 'ਤੇ ਖੋਜ਼ ਭਰਪੂਰ ਕਾਰਜ਼ ਲਈ ਜ਼ਿੰਦਗੀ ਭਰ ਘਾਲਣਾ ਘਾਲਣ ਵਾਲੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੂੰ ਖੜ੍ਹੇ ਹੋ ਕੇ ਸ਼ਰਧਾਂਜ਼ਲੀ ਦੇਣ ਨਾਲ



ਹੋਇਆ। ਸ਼ਰਧਾਂਜ਼ਲੀ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੇ ਰੌਸ਼ਨ ਮਿਨਾਰ ਜੀਵਨ ਤੋਂ ਪ੍ਰੇਰਨਾ ਲੈ ਕੇ ਸਾਡੇ ਸਮਿਆਂ ਅਤੇ ਭਵਿੱਖ਼ ਦੀਆਂ ਇਮਤਿਹਾਨੀ ਚੁਣੌਤੀਆਂ ਸਰ ਕਰਨ ਲਈ ਗਹਿਰ ਗੰਭੀਰ ਇਤਿਹਾਸਕ ਅਧਿਐਨ ਕਰਨ ਅਤੇ ਲੋਕਾਂ ਵਿੱਚ ਸੂਝ-ਬੂਝ, ਗ਼ਦਰੀ ਦੇਸ਼ ਭਗਤਾਂ ਦੇ ਮਨੋਰਥਾਂ ਅਤੇ ਪ੍ਰੋ. ਮਲਵਿੰਦਰਜੀਤ ਵਰਗੇ ਸਿਰੜੀ, ਖੋਜ਼ੀ ਕਲਮਕਾਰਾਂ ਦੀਆਂ ਪੈੜਾਂ ਤੋਂ ਅੱਗੇ ਤੁਰਨ ਦੀ ਲੋੜ ਹੈ। ਸ਼ਹੀਦ ਕਰਤਾਰ ਸਿੰਘ ਸਰਾਭਾ ਜਨਮ ਦਿਵਸ ਵਿਚਾਰ-ਚਰਚਾ ਸਮਾਗਮ ਦੇ ਮੁੱਖ ਬੁਲਾਰੇ ਪ੍ਰੋ. ਗੋਪਾਲ ਸਿੰਘ ਬੁੱਟਰ ਨੇ ਕਿਹਾ ਕਿ ਲਾਸਾਨੀ ਕੁਰਬਾਨੀ ਦੇ ਚਾਨਣ ਮੁਨਾਰੇ ਚੌਮੁਖੀਆਂ ਚਿਰਾਗ਼ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਹਾੜੇ ਮੌਕੇ ਵਿਸ਼ਾਲ ਜਨਤਕ ਆਧਾਰ ਤੇ ਸਮਾਗਮ, ਵਿਚਾਰ-ਚਰਚਾ ਅਤੇ ਅਹਿਦ ਕਰਨ ਦੀ ਪ੍ਰਭਾਵਸ਼ਾਲੀ ਲੜੀ ਸਾਹਮਣੇ ਆਉਣੀ ਚਾਹੀਦੀ ਸੀ ਕਿਉਂਕਿ ਸਰਾਭਾ ਦੇ ਸਮੇਂ ਨਾਲੋਂ ਵੀ ਵੱਡੀਆਂ ਚੁਣੌਤੀਆਂ ਅਤੇ ਸਾਡੇ ਗੋਚਰੇ ਕਾਰਜ਼ਾਂ ਦਾ ਦਾਇਰਾ ਹੋਰ ਵੀ ਪੇਚੀਦਾ ਹੋ ਗਿਆ ਹੈ ਜੋ ਲੰਮੇ, ਦਮ ਰੱਖਵੇਂ ਹਰ ਪੱਧਰ 'ਤੇ ਕੰਮ ਕਰਨ ਦੀ ਮੰਗ ਕਰਦਾ ਹੈ। ਪ੍ਰੋ. ਗੋਪਾਲ ਬੁੱਟਰ ਨੇ ਸਰਾਭਾ ਦੇ ਬਚਪਨ, ਵਿਦਿਅਕ ਸਫ਼ਰ, ਅਮਰੀਕਾ ਜਾ ਕੇ ਗ਼ਦਰ ਪਾਰਟੀ, ਗ਼ਦਰ ਅਖ਼ਬਾਰ ਵਿੱਚ ਕੰਮ ਕਰਨ, ਉਥੋਂ ਆਜ਼ਾਦੀ ਜੱਦੋ ਜਹਿਦ ਦੀ ਚਿਣਗ ਲੱਗਣ ਕਾਰਨ ਆਜ਼ਾਦੀ ਦੇ ਪਰਵਾਨੇ ਹੋ ਨਿਬੜਨ ਦੇ ਇਤਿਹਾਸਕ ਹਵਾਲੇ ਦਿੰਦਿਆਂ ਕਿਹਾ ਕਿ ਮੁਲਕ ਆ ਕੇ ਅੱਗ ਨਾਲ ਖੇਡਦਿਆਂ ਗ਼ਦਰ ਲਹਿਰ ਦਾ ਫਰੇਰਾ ਬੁਲੰਦ ਰੱਖਣ ਦੀ ਮਚਲਦੀ ਭਾਵਨਾ ਸਾਡੇ ਲਈ ਪ੍ਰੇਰਨਾ ਸਰੋਤ ਹੈ। ਉਹਨਾਂ ਕਿਹਾ ਕਿ ਅੱਜ ਸਾਮਰਾਜੀ, ਆਰਥਕ, ਫ਼ਿਰਕੂ ਫਾਸ਼ੀ ਹੱਲੇ ਨੂੰ ਪਛਾੜਨ, ਜਮਹੂਰੀ ਹੱਕਾਂ 'ਤੇ ਵੱਜ ਰਹੇ ਡਾਕੇ ਰੋਕਣ, ਸਾਂਝੇ ਆਜ਼ਾਦੀ ਤਵਾਰੀਖ਼ ਦੇ ਸਫ਼ਿਆਂ ਨੂੰ ਸੰਭਾਲਣ ਲਈ ਬਹੁਤ ਹੀ ਖ਼ਤਰਨਾਕ ਹਾਲਾਤ ਸਾਡੇ ਬੂਹੇ ਦਸਤਕ ਦੇ ਰਹੇ ਨੇ ਇਸ ਲਈ ਲੱਕ ਬੰਨਵੀਂ ਹਰ ਫਰੰਟ ਤੇ ਜੱਦੋ ਜਹਿਦ ਲੋੜੀਂਦੀ ਹੈ, ਇਸ ਲਈ ਆਓ ਜਨਮ ਦਿਹਾੜੇ ਦੀ ਚੇਤਨਾ ਰੂਪੀ ਮੋਮਬੱਤੀ ਨੂੰ ਜਗਦੀ ਰੱਖਣ ਲਈ ਅੱਗੇ ਆਈਏ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਕੁਲਵੰਤ ਸਿੰਘ ਸੰਧੂ ਨੇ ਵਿਚਾਰ-ਚਰਚਾ ਮੌਕੇ ਬੋਲਦਿਆਂ ਕਿਹਾ ਕਿ ਸਮਾਜ ਅੰਦਰ ਸੁਲਘਦੀ ਬੇਚੈਨੀ, ਰਾਹ ਭਾਲ਼ ਰਹੀ ਹੈ, ਉਦਾਸੀਨਤਾ, ਲਾਚਾਰੀ ਇਸ ਹਲਚਲ ਭਰੀ ਜੁਆਨੀ ਨੂੰ ਕੁਰਾਹੇ ਵੀ ਲਿਜਾ ਸਕਦੀ ਹੈ। ਇਸ ਲਈ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਵਾਰਸਾਂ ਕੋਲੋਂ ਹਾਲਾਤ ਅਗਵਾਈ ਅਤੇ ਸੇਧ ਮੰਗਦੀ ਹੈ। ਇਉਂ ਕਰਨਾ ਹੀ ਸਰਾਭੇ ਦੀ ਜਨਮ ਦਿਹਾੜੇ ਦੇ ਸਬੱਬ ਨਾਲ ਨਵੇਂ ਰਾਹਾਂ ਦੇ ਜਨਮ ਵੱਲ ਸਫ਼ਰ ਤੈਅ ਕਰਨਾ ਹੋਏਗਾ। ਸਮਾਗਮ ਮੌਕੇ ਕਮੇਟੀ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਗੁਰਮੀਤ ਸਿੰਘ, ਮੀਤ ਪ੍ਰਧਾਨ ਡਾ. ਪਰਮਿੰਦਰ ਸਿੰਘ, ਸਹਾਇਕ ਸਕੱਤਰ ਪ੍ਰੋ. ਗੋਪਾਲ ਸਿੰਘ ਬੁੱਟਰ, ਵਿੱਤ ਸਕੱਤਰ ਸੀਤਲ ਸਿੰਘ ਸੰਘਾ ਪ੍ਰਧਾਨਗੀ ਮੰਡਲ 'ਚ ਸਸ਼ੋਭਤ ਸਨ। ਸਮਾਗਮ ਦਾ ਮੰਚ ਸੰਚਾਲਣ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

# ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਵਲੋਂ ਪੰਜਾਬ ਸਰਕਾਰ ਦੀ 'ਮੇਰੀ ਰਸੋਈ' ਯੋਜਨਾ ਦੀ ਹੁਸ਼ਿਆਰਪੁਰ 'ਚ ਸ਼ੁਰੂਆਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸਥਾਨਕ ਵਾਰਡ ਨੰਬਰ 21 ਅਤੇ 26 ਵਿਚ ਪੰਜਾਬ ਸਰਕਾਰ ਦੀ 'ਮੇਰੀ ਰਸੋਈ' ਯੋਜਨਾ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਲੋਕ ਭਲਾਈ ਦੇ ਕਾਰਜਾਂ ਤਹਿਤ ਇਹ ਇਕ ਇਤਿਹ-ਾਸਕ ਪਹਿਲਕਦਮੀ ਹੈ ਜਿਸ ਤਹਿਤ ਸੂਬੇ ਦੇ ਕਰੀਬ 40 ਲੱਖ ਪਰਿਵਾਰਾਂ ਨੂੰ ਲਾਭ ਮਿਲੇਗਾ। ਲਾਭਪਾਤਰੀਆਂ ਨੂੰ 'ਮੇਰੀ ਰਸੋਈ' ਯੋਜਨਾ ਤਹਿਤ ਰਾਸ਼ਨ ਕਿੱਟਾਂ ਵੰਡਦਿਆਂ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਕਿਹਾ ਕਿ ਇਹ ਉਪਰਾਲਾ ਲੋੜਵੰਦ ਪਰਿਵਾਰਾਂ ਦੇ ਰਸੋਈ ਦੇ ਵਿੱਤੀ ਬੋਝ ਨੂੰ ਘੱਟ ਕਰਨ ਵਿਚ ਵਰਦਾਨ ਸਾਬਤ ਹੋਵੇਗਾ ਕਿਉਂਕਿ ਰਾਸ਼ਨ ਕਿੱਟ ਵਿਚ 2 ਕਿਲੋ ਛੋਲਿਆਂ ਦੀ ਦਾਲ, 2 ਕਿਲੋ ਖੰਡ, 1 ਕਿਲੋ ਲੂਣ, 200 ਗ੍ਰਾਮ ਹਲਦੀ ਅਤੇ 1 ਲਿਟਰ ਸਰੋਂ ਦਾ ਤੇਲ ਸ਼ਾਮਲ ਹੋਵ-ੇਗਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ 'ਮੇਰੀ ਰਸੋਈ' ਯੋਜਨਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਲੋਕ ਭਲਾਈ ਦੇ ਕਾਰਜ ਅਤੇ ਸਕੀਮਾਂ ਦਾ ਲਾਭ ਲੋਕਾਂ ਤੱਕ ਪੁੱਜਦਾ ਕੀਤਾ ਜਾ ਰਿਹਾ ਹੈ ਜਿਸ ਵਿਚ ਮੁਫਤ ਬਿਜਲੀ, ਮਿਆਰੀ ਸਿਹਤ ਸੇਵਾਵਾਂ, ਉਚ ਪੱਧਰੀ ਸਿੱਖਿਆ, ਮਹਿਲਾਵਾਂ ਦੀ ਭਲਾਈ ਲਈ ਸਕੀਮਾਂ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਯੋਜਨਾ ਦੇ ਹਰੇਕ ਲਾਭਪਾਤਰੀ ਪਰਿਵਾਰ ਨੂੰ ਹਰ ਤਿੰਨ ਮਹੀਨਿਆਂ ਵਿੱਚ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀ ਰਾਸ਼ਨ ਕਿੱਟ ਮਿਲੇਗੀ ਜਿਸ ਵਿੱਚ ਸਰ੍ਹੋਂ ਦਾ ਤੇਲ, ਦਾਲ, ਖੰਡ, ਲੂਣ, ਹਲਦੀ ਅਤੇ ਘਰੇਲੂ ਰਸੋਈ ਚਲਾਉਣ ਲਈ ਲੋੜੀਂਦੀਆਂ ਹੋਰ ਜ਼ਰੂਰੀ ਵਸਤਾਂ ਹੋਣਗੀਆਂ। ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਵਲੋਂ ਲੋਕਾਂ ਦਾ ਵਿੱਤੀ ਬੋਝ ਘਟਾਉਣ ਲਈ ਲਗਾਤਾਰ ਯਤਨ ਜਾਰੀ ਹਨ ਜਿਸ ਦੇ ਸਾਰਥਿਕ ਸਿੱਟੇ ਦੇਖਣ ਨੂੰ ਮਿਲ ਰਹੇ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਪੰਜਾਬ ਦੇ ਲਗਭਗ 90 ਫੀਸਦੀ ਘਰਾਂ ਨੂੰ ਹੁਣ ਜ਼ੀਰੋ ਬਿਜਲੀ ਬਿੱਲ ਮਿਲ ਰਹੇ ਹਨ, ਜਿਸ ਨਾਲ ਪਰਿਵਾਰਾਂ ਨੂੰ ਪੈਸੇ ਬਚਾਉਣ ਅਤੇ ਘਰੇਲੂ ਖਰਚੇ ਚਲਾਉਣ ਵਿੱਚ ਕਾਫ਼ੀ ਮਦਦ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ 2.20 ਲੱਖ ਤੋਂ ਵੱਧ ਪਰਿਵਾਰਾਂ ਨੂੰ ਇਸ ਸਕੀਮ ਦਾ ਲਾਭ ਮਿਲੇਗਾ ਅਤੇ ਇਹ ਸਕੀਮ ਉਨ੍ਹਾ ਲਈ ਬੇਹੱਦ ਲਾਹੇਵੰਦ ਸਾਬਤ ਹੋਵੇਗੀ।



# ਹਲਕਾ ਚੱਬੇਵਾਲ ਵਿੱਚ ਬਸਪਾ ਨੇ ਦਿੱਤਾ ਆਪ ਅਤੇ ਕਾਂਗਰਸ ਨੂੰ ਵੱਡਾ ਝੱਟਕਾ : ਸੈਂਕੜੇ ਨੌਜਵਾਨ ਆਮ ਆਦਮੀ ਪਾਰਟੀ ਅਤੇ ਕਾਂਗਰਸ ਨੂੰ ਛਡਕੇ ਹੋਏ ਬਸਪਾ ਵਿੱਚ ਸ਼ਾਮਿਲ - ਐਡਵੋਕੇਟ ਪਲਵਿੰਦਰ ਮਾਨਾ

**ਚੱਬੇਵਾਲ (ਚਰਨਜੀਤ ਸੱਲ੍ਹਾ** )ਅੱਜ ਮਿਤੀ 24/05/2026 ਨੂੰ ਬਹੁਜਨ ਸਮਾਜ ਪਾਰਟੀ ਹਲਕਾ ਚੱਬੇਵਾਲ ਦੇ ਸੰਗਠਨ ਦੇ ਮੈਂਬਰਾ ਦੀ ਇਕ ਵਿਸ਼ੇਸ਼ ਮੀਟਿੰਗ ਰਾਜੇਸ਼ ਭੁੰਨੋ ਅਤੇ ਚੰਦਨ ਸਿੰਘ ਦੀ ਯੋਗ ਅਗਵਾਈ ਵਿੱਚ ਹੰਦੋਵਾਲ ਵਿਖੇ ਹੋਈ ੀ ਇਸ ਮੀਟਿੰਗ ਵਿੱਚ ਮੁੱਖ ਮਹਿਮਾਨ ਵਜੋਂ ਐਡਵੋਕੇਟ ਪਲਵਿੰਦਰ ਮਾਨਾ ਜੀ ਇੰਚਾਰਜ ਬਸਪਾ ਹਲਕਾ ਚੱਬੇਵਾਲ ਜੀ ਪੁਹੰਚੇ ਅਤੇ ਉਨ੍ਹਾਂ ਦੇ ਨਾਲ ਰਾਕੇਸ਼ ਕਿਟੀ ਜੀ ਜਿਲਾ ਸਕੱਤਰ ਵਿਸ਼ੇਸ਼ ਤੌਰ ਤੇ ਪੁਹੰਚੇ ੀ ਇਸ ਮੀਟਿੰਗ ਵਿੱਚ ਸੰਗਠਨ ਨੂੰ ਮਜ਼ਬੂਤ ਕਰਨ ਦੇ ਲਈ ਮੈਂਬਰ ਸਹਿਬਾਨ ਦੇ ਨਾਲ ਵਿਚਾਰ ਚਰਚਾ/ਸਲਾਹ ਕੀਤੀ ਗਈ । ਬਸਪਾ ਹਲਕਾ ਚੱਬੇਵਾਲ ਦੀ ਟੀਮ ਦੇ ਮੈਂਬਰ ਸਹਿਬਾਨ ਨੇ ਵਿਚਾਰ ਚਰਚਾ ਕੀਤੀ ਕਿ ਹਲਕੇ ਦੇ ਹਰ ਪਿੰਡ ਦੇ ਸਾਥੀਆ ਨਾਲ ਰਾਬਤਾ ਬਣਾ ਕੇ ਪਿੰਡ ਪਿੰਡ ਮੀਟਿੰਗਾ ਕਰਕੇ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਦੀਆ ਨੀਤੀਆਂ ਨੂੰ ਹਰ ਪਿੰਡ ਤੇ ਹਰ ਘਰ ਤੱਕ ਪੁਹੰਚਾਇਆ ਜਾਵੇਗਾ । ਹਲਕਾ ਚੱਬੇਵਾਲ ਦੇ ਵਿਚ ਲਗਾਤਾਰ ਮੀਟਿੰਗਾਂ ਕਰਕੇ ਸੰਗਠਨ ਨੂੰ ਮਜ਼ਬੂਤ ਕੀਤਾ ਜਾਵੇਗਾ ।।।ਇਸ ਮੌਕੇ ਮੀਟਿੰਗ ਵਿੱਚ ਹਾਜ਼ਰ ਵੱਡੀ ਗਿਣਤੀ ਨੌਜਵਾਨਾਂ ਨੇ ਬਸਪਾ ਦੀ ਪੰਜਾਬ ਸੰਭਾਲੋ ਮੁਹਿੰਮ ਦੀਆ ਨੀਤੀਆਂ ਤੋਂ ਖੁਸ਼ ਹੋ ਕੇ ਬਸਪਾ ਵਿਚ ਸ਼ਾਮਿਲ ਹੋਣ ਲਈ ਇੱਛਾ ਜ਼ਾਹਿਰ ਕੀਤੀ ਅਤੇ ਇਸ ਮੌਕੇ ਐਡਵੋਕੇਟ ਪਲਵਿੰਦਰ ਮਾਨਾ ਜੀ ਨੇ ਨੌਜਵਾਨਾਂ ਨੂੰ ਸਨਮਾਨ ਸਹਿਤ ਬਸਪਾ ਦਾ ਸਿਰਪਾਓ ਪਾਂ ਕੇ ਬਸਪਾ ਵਿਚ ਸ਼ਾਮਿਲ ਕੀਤਾ। ਇਸ ਦੌਰਾਨ ਐਡਵੋਕੇਟ ਪਲਵਿੰਦਰ ਮਾਨਾ ਜੀ ਨੇ ਦਸਿਆ ਕਿ ਹਲਕਾ ਚੱਬੇਵਾਲ ਵਿੱਚ ਸੈਕੜੇ ਹੀ ਨੌਜਵਾਨ ਆਪ ਅਤੇ ਕਾਂਗਰਸ ਤੇ ਹੋਰ ਪਾਰਟੀਆਂ ਨੂੰ ਛੱਡ ਕੇ ਬਸਪਾ ਵਿਚ ਸ਼ਾਮਿਲ ਹੋ ਚੁੱਕੇ ਹਨ । ਇਸ ਮੌਕੇ ਹਾਜਰ ਸਾਥੀਆ ਵਿਚ ਵਿਕੀ ਬੰਗਾ ਭੜਢ, ਬਲਵੰਤ ਸਹਿਗਲ ਜੀ , ਰਾਜੇਸ਼ ਭੁੰਨੋ ਜੀ, ਚਰਣਜੀਤ ਬਾਹੋਵਾਲ ਜੀ, ਰੂਪਾ ਬੰਗਾ ਬਸਪਾ ਆਗੂ, ਚੰਦਨ ਸਿੰਘ, ਸ ਮੱਖਣ ਸਿੰਘ ਖਾਲਸਾ, ਪਰਵੀਨ ਕੁਮਾਰ, ਜਤਿੰਦਰ ਸਿੰਘ ਰਾਜੂ, ਕੁੰਦਨ ਸਰੰਗਵਾਲ, ਰਾਜਨ, ਸਮੀਰ ਮਾਨਾ, ਅਨਿਕੇਤ, ਸੌਰਵ ਹੀਰ, ਸੁਰਖਾਬ ਸਿੰਘ , ਸਾਗਰ ਅਤੇ ਹੋਰ ਵੀ ਵੱਡੀ ਗਿਣਤੀ ਵਿੱਚ ਨੌਜਵਾਨ ਸਾਥੀ ਹਾਜਰ ਸੀ।





# ਕਾਂਗਰਸ ਭਾਜਪਾ ਅਕਾਲੀ ਦਲ ਅਤੇ ਆਪ ਪਾਰਟੀਆਂ ਨੂੰ ਰੱਦ ਕਰਕੇ ਬਸਪਾ ਨੂੰ ਮੌਕਾ ਦਿੱਤਾ ਜਾਵੇ –ਕਰੀਮਪੁਰੀ

**ਫਿਲੌਰ 24 ਮਈ (ਚਰਨਜੀਤ ਸੱਲ੍ਹਾ )** ਬਸਪਾ ਉਮੀਦਵਾਰਾਂ ਨੂੰ ਜਿਤਾ ਕੇ ਫਿਲੌਰ ਦੀ ਮਿਊਸੀਪਲ ਕਮੇਟੀ ਤੇ ਕਬਜ਼ਾ ਕਰਨ ਦਾ ਸੱਦਾ ਡਾ ਅਵਤਾਰ ਸਿੰਘ ਕਰੀਮਪੁਰੀ।

ਅੱਜ ਫਿਲੌਰ ਵਿਖੇ ਵਾਰਡ ਨੰਬਰ 03 ਤੋਂ ਸ੍ਰੀਮਤੀ ਬਿਮਲਾ ਦੇਵੀ , ਵਾਰਡ ਨੰਬਰ 01 ਤੋਂ ਸ੍ਰੀਮਤੀ ਮਧੂ ਬਾਲਾ, ਵਾਰਡ ਨੰਬਰ 14 ਤੋਂ ਸ੍ਰੀ ਬੁੱਧ ਪ੍ਰਕਾਸ਼ ਭਟੋਏ, ਵਾਰਡ ਨੰਬਰ 15 ਤੋਂ ਸ੍ਰੀ ਪਾਲ ਰਾਮ ਸੰਧੂ ਜੀ, ਚਾਰੇ ਉਮੀਦਵਾਰਾਂ ਦੇ ਹੱਕ ਵਿੱਚ ਵਿਸ਼ਾਲ ਚੋਣ ਜਲਸੇ ਨੂੰ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ ਜੀ ਨੇ ਸੰਬੋਧਨ ਕਰਦਿਆਂ ਕਾਂਗਰਸ, ਭਾਜਪਾ ,ਅਕਾਲੀ ਅਤੇ ਆਪ ਨੂੰ ਰੱਦ ਕਰਕੇ ਇੱਕ ਮੌਕਾ ਬਸਪਾ ਨੂੰ ਦੇਣ ਦਾ ਸੱਦਾ ਦਿੱਤਾ । ਇਸ ਚੋਣ ਜਲਸੇ ਨੂੰ ਸੰਬੋਧਨ ਕਰਦਿਆਂ ਕਰੀਮਪੁਰੀ ਨੇ ਸਾਰੀਆਂ ਪਾਰਟੀਆਂ ਕਾਂਗਰਸ, ਭਾਜਪਾ ਅਕਾਲੀ ਦਲ ਅਤੇ ਆਪ ਦੇ ਪਾਂਜ ਖੋਲਕੇ ਰੱਖ ਦਿੱਤੇ ਬਸਪਾ ਨੇ ਫਗਵਾੜਾ ਵਿਖੇ 3 ਕੌਂਸਲਰ ਬਣਾਏ ਸਨ ਉਨ੍ਹਾਂ ਵਿੱਚੋਂ ਵੀ ਇੱਕ ਡਿਪਟੀ ਮੇਅਰ ਬਣ ਗਿਆ ਹੈ ਇਹ ਹੁੰਦੀ ਹੈ ਵੋਟ ਦੀ ਤਾਕਤ ਤੁਸੀਂ ਵੀ ਹੰਭਲਾ ਮਾਰੋ ਅਤੇ ਆਪਣੇ 4 ਹੀ ਉਮੀਦਵਾਰਾਂ ਨੂੰ ਜਿਤਾਓ ਹੋ ਸਕਦਾ ਹੈ ਕਿ ਇਸ ਵਾਰ ਪ੍ਰਧਾਨ ਬਸਪਾ ਦਾ ਫਿਲੌਰ ਵਿੱਚ ਬਣੇ।ਇਸ ਲਈ 26 ਮਈ ਨੂੰ ਇੱਕ ਇੱਕ ਮੋਹਰਾਂ ਹਾਥੀ ਤੇ ਲਾਕੇ ਆਪਣੇ ਉਮੀਦਵਾਰਾਂ ਨੂੰ ਜਿਤਾਓ।ਇਸ ਮੌਕੇ ਤੇ ਇੰਨਚਾਰਜ ਖੁਸ਼ੀ ਰਾਮ ਸਰਪੰਚ , ਸੁਖਵਿੰਦਰ ਬਿੱਟੂ ਹਲਕਾ ਪ੍ਰਧਾਨ ਫਿਲੌਰ,ਇੰਜ ਵਿਰਦੀ, ਸੰਦੀਪ ਕੌਰ ਚੇਅਰਮੈਨ, ਅਨੀਤਾ ਪਾਲ ਬਲਾਕ ਸੰਮਤੀ ਮੈਂਬਰ ਤੇਜ਼ ਤਰਾਰ ਬੋਲਣ ਵਾਲੀ, ਸਾਰੇ ਮੈਂਬਰ ਬਲਾਕ ਸੰਮਤੀ ਮੈਂਬਰ, ਰਜਨੀ ਬਾਲਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਅਤੇ ਹੋਰ ਬਹੁਤ ਸਾਰੇ ਮੈਂਬਰ, ਵਰਕਰ ਅਤੇ ਸਮਰਥਕ ਹਾਜ਼ਰ ਸਨ।





# ਸ਼ਹੀਦ ਭਗਤ ਸਿੰਘ ਲੀਜੈਂਡ ਬੰਗਾ ਬਲਾਕ ਫੁੱਟਬਾਲ ਕਲੱਬ ਨੇ ਨਵੀਂ ਪੀੜੀ ਨੂੰ ਗਰਾਉਂਡਾਂ ਨਾਲ ਜੋੜਨ ਲਈ ਫੁੱਟਬਾਲ ਮੈਚ ਕਰਵਾਇਆ

## ਅਸੀਂ ਰੱਲ ਮਿਲ ਕੇ ਪਿੰਡ ਪਿੰਡ ਫੁੱਟਬਾਲ ਮੈਚ ਕਰਵਾ ਕੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖਦੇ ਹੋਏ ਖੇਡਾਂ ਨਾਲ਼ ਜੋੜ ਕੇ ਆਪਣੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਵਾਂਗੇ: ਤਰਸੇਮ ਲਾਲ

**ਨਵਾਂ ਸ਼ਹਿਰ 24 ਮਈ( ਚਰਨਜੀਤ ਸੱਲ੍ਹਾ** ) ਅੱਜ ਨੇਸਨਲ ਫੁਟਬਾਲਰ ਗਿਆਨ ਚੰਦ ਪਾਠਕ ਜੀ ਦੀ ਅਗਵਾਈ ਵਿੱਚ ਹਰਦੇਵ ਸਿੰਘ ਖੇਡ ਸਟੇਡੀਅਮ ਕਾਹਮਾ ਵਿਖੇ ਫੁੱਟਬਾਲ ਕੋਚ ਗੁਰਨਾਮ ਸਿੰਘ ਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ ਲੀਜੈਂਡਸ ਬੰਗਾ ਬਲਾਕ ਫੁੱਟਬਾਲ ਕਲੱਬ ਵੱਲੋਂ ਇਕ ਰੋਮਾਂਚਕ ਫੁੱਟਬਾਲ ਮੈਚ ਕਰਵਾ ਕੇ ਨਵੀ ਪੀੜੀ ਨੂੰ ਖੇਡਾ ਵੱਲ ਪ੍ਰੇਰਿਤ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਤਰਸੇਮ ਲਾਲ ਜ਼ਿਲਾ ਮਾਸ ਮੀਡੀਆ ਅਫ਼ਸਰ ਨੇ ਦੱਸਿਆ ਕਿ ਇਹ ਮੈਚ ਗਿਆਨ ਚੰਦ 7 ਅਤੇ ਸਰਬਜੀਤ ਸਿੰਘ 7 ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ। ਜਿਸ ਵਿੱਚ ਸਰਬਜੀਤ ਸਿੰਘ 7 ਦੇ ਖਿਡਾਰੀਆਂ ਭਿੰਦਾ ਜੀਂਦੋਵਾਲ,ਗੁਰਦੀਪ ਭੱਟੀ, ਤਰਸੇਮ ਲਾਲ, ਜਸਵੀਰ ਲਾਲ ਨੌਰਾ ਫੁੱਟਬਾਲ ਕੋਚ ਨੇ ਬਾਲ ਬਣਾਉਂਦਿਆਂ ਬਹੁਤ ਹੀ ਵਧੀਆਂ ਪਾਸਿੰਗ ਕੀਤੀ ਜਿਸ ਦੀ ਬਦੌਲਤ 3 ਗੋਲ ਡਿਫੈਂਸ ਨੂੰ ਬੀਟ ਕਰਦਿਆਂ ਤਰਸੇਮ ਲਾਲ ਨੇ ਕੀਤੇ ਤੇ ਇੱਕ ਗੋਲ ਜਸਵੀਰ ਲਾਲ ਫੁੱਟਬਾਲ ਕੋਚ ਤੇ ਇੱਕ ਗੋਲ ਗੁਰਦੀਪ ਭੱਟੀ ਵਲੋਂ ਕੀਤਾਂ ਗਿਆ।ਦੂਸਰੇ ਹਾਫ ਵਿਚ ਗਿਆਨ ਚੰਦ ਪਾਠਕ ਦੀ ਟੀਮ ਦੇ ਖਿਡਾਰੀਆਂ ਨੇ ਅਣਖ ਖਾਂਦੇ ਹੋਏ ਅਵਤਾਰ ਸਿੰਘ, ਗੁਰਨਾਮ ਸਿੰਘ ਕਾਹਮਾ,ਲਾਡੀ ਮਾਹਲ ਗਹਿਲਾਂ ਨੇ ਬਾਲ ਬਣਾਉਂਦਿਆਂ ਬਹੁਤ ਹੀ ਵਧੀਆਂ ਪਾਸਿੰਗ ਕੀਤੀ ਜਿਸ ਦੀ ਬਦੌਲਤ 2 ਗੋਲ ਲਾਡੀ ਮਾਹਲ ਗਹਿਲਾਂ 1 ਗੋਲ ਗੁਰਨਾਮ ਸਿੰਘ ਫੁੱਟਬਾਲ ਕੋਚ,1 ਗੋਲ ਗਿਆਨ ਚੰਦ ਪਾਠਕ,ਇੱਕ ਗੋਲ ਅਵਤਾਰ ਸਿੰਘ ਨੇ ਬਹੁਤ ਹੀ ਵਧੀਆਂ ਸ਼ੂਟਿੰਗ ਕਰਦਿਆਂ ਕੀਤੇ ।

ਇਸ ਤਰ੍ਹਾਂ ਇਹ ਮੈਚ 5-5 ਤੇ ਭਾਵੇਂ ਬਰਾਬਰ ਰਿਹਾ ਪਰ ਫੁੱਟਬਾਲ ਤੇ ਕੋਸ਼ੀਸ਼ ਦੀ ਜਿੱਤ ਹੋਈ। ਜਿਸ ਨੂੰ ਦੇਖ ਕੇ ਨਵੇਂ ਖਿਡਾਰੀਆਂ ਵਿੱਚ ਫੁੱਟਬਾਲ ਖੇਡਣ ਦੀ ਚਾਹਤ ਪੈਦਾ ਹੋਈ।

ਇਸ ਮੌਕੇ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਵਿੱਚ ਖਾਸਾ ਉਤਸ਼ਾਹ ਵੇਖਣ ਨੂੰ ਮਿਲਿਆ।

ਸਰਬਜੀਤ ਸਿੰਘ ਨੇ ਦੱਸਿਆ ਕਿ ਮੈਚ ਵਿੱਚ ਕਲੱਬ ਦੇ ਖਿਡਾਰੀਆਂ ਨੇ ਖੇਡ ਭਾਵਨਾ ਨਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ। ਖਿਡਾਰੀਆਂ ਨੇ ਆਪਣੀ ਕਾਬਲੀਅਤ, ਟੀਮ ਵਰਕ ਅਤੇ ਅਨੁਸ਼ਾਸਨ ਦਾ ਵਧੀਆ ਨਮੂਨਾ ਪੇਸ਼ ਕੀਤਾ। ਮੈਚ ਦੌਰਾਨ ਦਰਸ਼ਕਾਂ ਨੇ ਵੀ ਖੂਬ ਰੁਚੀ ਦਿਖਾਈ ਅਤੇ ਖਿਡਾਰੀਆਂ ਦਾ ਹੌਸਲਾ ਵਧਾਇਆ।

ਇਸ ਮੌਕੇ ਨੇਸਨਲ ਫੁੱਟਬਾਲਰ ਗਿਆਨ ਚੰਦ ਪਾਠਕ ਨੇ ਕਿਹਾ ਕਿ ਖੇਡਾਂ ਰਾਹੀਂ ਅਸੀਂ ਨੌਜਵਾਨਾਂ ਨੂੰ ਸਿਹਤਮੰਦ ਜੀਵਨਸ਼ੈਲੀ ਵੱਲ ਪ੍ਰੇਰਿਤ ਕਰ ਸਕਦੇ ਹਾਂ। ਜਿਸ ਲਈ ਸਾਡੀ ਲਗਾਤਾਰ ਕੋਸ਼ੀਸ਼ ਜਾਰੀ ਹੈ।

ਤਰਸੇਮ ਲਾਲ ਨੇ ਕਿਹਾ ਕਿ ਅੱਜ ਵੱਖ ਵੱਖ ਪਿੰਡਾਂ ਵਿੱਚ ਫੁੱਟਬਾਲ ਖੈਡਣ ਲਈ ਪ੍ਰੇਰਿਤ ਕਰਨ ਦੀ ਲੜੀ ਤਹਿਤ ਕਾਹਮਾ ਪਿੰਡ ਸਲੈਕਟ ਕੀਤਾ ਗਿਆ। ਉਹਨਾਂ ਨੇ ਕਿਹਾ ਕਿ ਨਵੀਂ ਪੀੜ੍ਹੀ ਮੋਬਾਈਲ ਫੋਨ ਤੇ ਗੇਮਾਂ ਨਾ ਖੇਡਦੇ ਹੋਏ ਗਰਾਉਡਾ ਨਾਲ ਜੁੜੇ ਇਹੋ ਸਾਡੀ ਕਲੱਬ ਦੀ ਕੋਸ਼ੀਸ਼ ਹੈ।ਇਸ ਨਾ਼ਲ ਅਸੀ ਸ਼ਹੀਦਾਂ ਦੇ ਲਏ ਹੋਏ ਸੁਪਨਿਆਂ ਨੂੰ ਸਾਕਾਰ ਕਰਦਿਆਂ ਆਪਣੇ ਦੇਸ਼ ਦੀ ਤਰੱਕੀ ਵਿੱਚ ਹਿੱਸਾ ਪਾ ਸਕਦੇ ਹਾਂ।

**ਜਾਰੀ ਕਰਤਾ:**
**ਸ਼ਹੀਦ ਭਗਤ ਸਿੰਘ ਲੀਜੈਂਡਸ ਬੰਗਾ ਬਲਾਕ ਫੁੱਟਬਾਲ ਕਲੱਬ।**



# ਸੂਬੇ ਵਿੱਚ ਚਿੱਟੇ ਦੇ ਨਸ਼ੇ ਨੇ ਪੰਜਾਬ ਦੀ ਜਵਾਨੀ ਨੂੰ ਕਬਰਾਂ ਦੇ ਰਾਹ ਪਾਇਆ : ਬਲਜਿੰਦਰ ਸਿੰਘ ਖਾਲਸਾ

## ਕੁੜੀਆਂ ਵੀ ਨਸ਼ੇ ਦੀ ਦਲਦਲ ਵਿੱਚ ਫਸਕੇ ਕਰ ਰਹੀਆਂ ਹਨ ਆਪਣੀ ਜ਼ਿੰਦਗੀ ਬਰਬਾਦ


**ਹੁਸ਼ਿਆਰਪੁਰ 24 ਮਈ ( ਤਰਸੇਮ ਦੀਵਾਨਾ )** – ਪੰਜਾਬ ਵਿੱਚ ਦਿਨ-ਬ-ਦਿਨ ਪੈਰ ਪਸਾਰ ਚੁੱਕੇ ਚਿੱਟੇ ਦੇ ਘਾਤਕ ਨਸ਼ੇ ਨੇ ਸੂਬੇ ਦੀ ਹੱਸਦੀ-ਖੇਡਦੀ ਨੌਜਵਾਨ ਪੀੜ੍ਹੀ ਨੂੰ ਕਬਰਾਂ ਦੇ ਰਸਤੇ ਪਾ ਦਿੱਤਾ ਹੈ। ਇਸ ਨਸ਼ੇ ਦੀ ਲਾਮਿ-ਸਾਲ ਮਾਰ ਨੇ ਅਣਗਿਣਤ ਹੱਸਦੇ-ਵੱਸਦੇ ਘਰ ਉਜਾੜ ਕੇ ਖਾਲੀ ਕਰ ਦਿੱਤੇ ਹਨ। ਇਨ੍ਹਾਂ ਗੰਭੀਰ ਹਾਲਾਤਾਂ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਆਯੂਰ ਜੀਵਨ ਆਯੂਰਵੈਦਿਕ ਰਿਸਰਚ ਸੈਂਟਰ ਦੇ ਐਮ ਡੀ ਅਤੇ ਦਲ ਖਾਲਸਾ ਦੇ ਜਿਲ੍ਹਾ ਪ੍ਰਧਾਨ ਬਲਜਿੰਦਰ ਸਿੰਘ ਖਾਲਸਾ ਨੇ ਕਿਹਾ ਕਿ ਅੱਜ ਪੰਜਾਬ ਦਾ ਹਰ ਦੂਜਾ ਘਰ ਇਸ ਨਾਮੁਰਾਦ ਨਸ਼ੇ ਦੀ ਅੱਗ ਵਿੱਚ ਸੜ ਰਿਹਾ ਹੈ। ਸਭ ਤੋਂ ਵੱਧ ਦੁਖਦਾਈ ਅਤੇ ਚਿੰਤਾਜਨਕ ਪਹਿਲੂ ਇਹ ਹੈ ਕਿ ਹੁਣ ਨੌਜਵਾਨ ਮੁੰਡਿਆਂ ਦੇ ਨਾਲ-ਨਾਲ ਸਾਡੀਆਂ ਧੀਆਂ-ਭੈਣਾਂ (ਨੌਜਵਾਨ ਕੁੜੀਆਂ) ਵੀ ਇਸ ਚਿੱਟੇ ਦੇ ਨਸ਼ੇ ਦੀ ਭਿਆਨਕ ਦਲਦਲ ਵਿੱਚ ਬੁਰੀ ਤਰ੍ਹਾਂ ਲਿਪਤ ਹੋ ਚੁੱਕੀਆਂ ਹਨ। ਉਹਨਾਂ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਆਪਣੀ ਗ੍ਰਿਫ਼ਤ ਵਿੱਚ ਲੈ ਚੁੱਕਾ 'ਚਿੱਟੇ' (ਸਿੰਥੈਟਿਕ ਨਸ਼ੇ ) ਦਾ ਕੋਹੜ ਦਿਨ-ਬ-ਦਿਨ ਹੋਰ ਭਿਆਨਕ ਰੂਪ ਧਾਰਨ ਕਰਦਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸੂਬੇ ਦੇ ਵੱਖ-ਵੱਖ ਪਿੰਡਾਂ ਤੇ ਸਹਿਰਾ ਤੋਂ ਰੋਜ਼ਾਨਾ ਨਸ਼ੇ ਦੀ ਓਵਰਡੋਜ਼ ਕਾਰਨ ਹੋ ਰਹੀਆਂ ਨੌਜਵਾਨਾਂ ਦੀਆਂ ਮੌਤਾਂ ਨੇ ਹਰ ਸੰਵੇਦਨਸ਼ੀਲ ਇਨਸਾਨ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਉਹਨਾਂ ਕਿਹਾ ਕਿ ਕਈ ਮਾਵਾਂ ਦੇ ਪੁੱਤ ਅਤੇ ਭੈਣਾਂ ਦੇ ਵੀਰ ਇਸ ਘਾਤਕ ਨਸ਼ੇ ਦੀ ਭੇਟ ਚੜ੍ਹ ਰਹੇ ਹਨ, ਜਿਸ ਕਾਰਨ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਮਾਤਮ ਦਾ ਮਾਹੌਲ ਹੈ। ਉਨ੍ਹਾਂ ਕਿਹਾ ਕਿ ਜਿਸ ਧਰਤੀ ਦੇ ਗੱਭਰੂ ਅਤੇ



ਮੁਟਿਆਰਾਂ ਆਪਣੀ ਅਣਖ ਅਤੇ ਸਿਹਤ ਲਈ ਜਾਣੇ ਜਾਂਦੇ ਸਨ, ਅੱਜ ਉਹ ਨਸ਼ੇ ਦੀ ਓਵਰਡੋਜ਼ ਕਾਰਨ ਸਿਵਿਆਂ ਦੇ ਰਾਹ ਪੈ ਰਹੇ ਹਨ। ਉਹਨਾ ਕਿਹਾ ਕਿ "ਚਿੱਟੇ ਦੇ ਇਸ ਛੇਵੇਂ ਦਰਿਆ ਨੇ ਪੰਜਾਬ ਦੇ ਮਾਵਾਂ ਦੇ ਪੁੱਤ ਅਤੇ ਧੀਆਂ ਖੋਹ ਕੇ ਕਈ ਘਰਾਂ ਦੇ ਚਿਰਾਗ ਹਮੇਸ਼ਾ ਲਈ ਬੁਝਾ ਦਿੱਤੇ ਹਨ। ਉਹਨਾਂ ਕਿਹਾ ਕਿ ਪ੍ਰਸ਼ਾਸਨ ਅਤੇ ਸਰਕਾਰਾਂ ਦੀ ਕਥਿਤ ਨਾਕਾਮੀ ਕਾਰਨ ਅੱਜ ਨਸ਼ਾ ਘਰ-ਘਰ ਤੱਕ ਪਹੁੰਚ ਚੁੱਕਾ ਹੈ, ਜਿਸ ਨੂੰ ਰੋਕਣ ਲਈ ਸਖ਼ਤ ਅਤੇ ਇਮਾਨਦਾਰ ਕਦਮ ਚੁੱਕਣ ਦੀ ਤੁਰੰਤ ਲੋੜ ਹੈ।" ਉਹਨਾਂ ਪੰਜਾਬ ਦੇ ਸਮੂਹ ਮਾਪਿਆਂ, ਸਮਾਜਿਕ ਜਥੇਬੰਦੀਆਂ ਅਤੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਜਵਾਨੀ ਅਤੇ ਪੰਜਾਬ ਦੇ ਭਵਿੱਖ ਨੂੰ ਬਚਾਉਣ ਲਈ ਖੁਦ ਅੱਗੇ ਆਉਣ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਆਖਿਆ ਕਿ ਜੇਕਰ ਨਸ਼ੇ ਦੇ ਸੌਦਾਗਰਾਂ ਖ਼ਿਲਾਫ਼ ਤੁਰੰਤ ਕੋਈ ਸਖ਼ਤ ਅਤੇ ਜ਼ਮੀਨੀ ਪੱਧਰ 'ਤੇ ਕਾਰਵਾਈ ਨਾ ਕੀਤੀ ਗਈ, ਤਾਂ ਪੰਜਾਬ ਦੀ ਤਬਾਹੀ ਦੇ ਮੰਜ਼ਰ ਨੂੰ ਰੋਕਣਾ ਮੁਸ਼ਕਿਲ ਹੋ ਜਾਵੇਗਾ।

# ਹਰ ਸਰਕਾਰੀ ਦਫ਼ਤਰ ਵਿੱਚ ਸੀਨੀਅਰ ਸਿਟੀਜ਼ਨ ਅਤੇ ਦਿਵਿਆਂਗ ਜਨਾਂ ਨੂੰ ਮਿਲੇ ਪਹਿਲ ਦੇ ਅਧਾਰ 'ਤੇ ਸੁਵਿਧਾ : ਮਾ. ਕੁਲਵਿੰਦਰ ਸਿੰਘ ਜੰਡਾ

**ਹੁਸ਼ਿਆਰਪੁਰ 24 ਮਈ (ਤਰਸੇਮ ਦੀਵਾਨਾ )** – ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਕੌਮੀ ਮੀਤ ਪ੍ਰਧਾਨ, "ਸੱਭਿਆਚਾਰ ਸੰਭਾਲ ਸੁਸਾਇਟੀ ਰਜਿ. ਪੰਜਾਬ" ਦੇ ਪ੍ਰਧਾਨ ਅਤੇ ਸਮਾਜਿਕ ਕਾਰਜਾਂ ਵਿੱਚ ਹਮੇਸ਼ਾ ਮੋਹਰੀ ਰਹਿਣ ਵਾਲੇ ਅਤੇ ਉੱਘੇ ਸਮਾਜ ਸੇਵੀ ਮਾ. ਕੁਲਵਿੰਦਰ ਸਿੰਘ ਜੰਡਾ ਨੇ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਸਮੂਹ ਸਰਕਾਰੀ ਦਫ਼ਤਰਾਂ, ਬੈਂਕਾਂ ਅਤੇ ਹੋਰ ਜਨਤਕ ਥਾਵਾਂ 'ਤੇ ਆਉਣ ਵਾਲੇ ਬਜ਼ੁਰਗਾਂ (ਸੀਨੀਅਰ ਸਿਟੀਜ਼ਨ) ਅਤੇ ਦਿਵਿਆਂਗ ਜਨਾਂ (ਅੰਗਹੀਣਾਂ) ਨੂੰ ਵਿਸ਼ੇਸ਼ ਪ੍ਰਾਥਮਿਕਤਾ ਅਤੇ ਸੁਵਿਧਾਵਾਂ ਦਿੱਤੀਆਂ ਜਾਣ। ਮਾ. ਕੁਲਵਿੰਦਰ ਸਿੰਘ ਜੰਡਾ ਨੇ ਕਿਹਾ ਕਿ ਸਮਾਜ ਦੇ ਇਸ ਸਤਿਕਾਰਯੋਗ ਹਿੱਸੇ ਨੂੰ ਆਪਣੇ ਰੋਜ਼ਾਨਾ ਦੇ ਸਰਕਾਰੀ ਕੰਮ-ਕਾਜ ਕਰਵਾਉਣ ਲਈ ਦਫ਼ਤਰਾਂ ਵਿੱਚ ਲੰਬੀਆਂ ਲਾਈਨਾਂ ਵਿੱਚ ਖੜ੍ਹਨਾ ਪੈਂਦਾ ਹੈ, ਜਿਸ ਕਾਰਨ ਉਨ੍ਹਾਂ ਨੂੰ ਭਾਰੀ ਮਾਨਸਿਕ ਅਤੇ ਸਰੀਰਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਕਿਹਾ ਕਿ ਹਰ ਸਰਕਾਰੀ ਅਤੇ ਅਰਧ-ਸਰਕਾਰੀ ਦਫ਼ਤਰ ਵਿੱਚ ਸੀਨੀਅਰ ਸਿਟੀਜ਼ਨਾਂ ਅਤੇ ਦਿਵਿਆਂਗਾਂ ਲਈ ਵੱਖਰੇ ਕਾਊਂਟਰ ਸਥਾਪਿਤ ਕੀਤੇ ਜਾਣ ਤਾਂ ਜੋ ਉਨ੍ਹਾਂ ਦੇ ਕੰਮ ਬਿਨਾਂ ਕਿਸੇ ਦੇਰੀ ਦੇ ਪਹਿਲ ਦੇ ਅਧਾਰ 'ਤੇ ਹੋ ਸਕਣ ਉਹਨਾਂ ਕਿਹਾ ਕਿ ਦਫ਼ਤਰਾਂ ਵਿੱਚ ਉਨ੍ਹਾਂ ਦੇ ਬੈਠਣ



ਲਈ ਸੁਚੱਜੇ ਪ੍ਰਬੰਧ ਅਤੇ ਪੀਣ ਵਾਲੇ ਸਾਫ਼ ਪਾਣੀ ਦੀ ਸਹੂਲਤ ਲਾਜ਼ਮੀ ਕੀਤੀ ਜਾਵੇ ਉਹਨਾਂ ਕਿਹਾ ਕਿ ਦਿਵਿਆਂਗ ਜਨਾਂ ਦੀ ਸਹੂਲਤ ਲਈ ਹਰ ਸਰਕਾਰੀ ਇਮਾਰਤ ਵਿੱਚ ਰੈਂਪ ਬਣੇ ਹੋਣੇ ਚਾਹੀਦੇ ਹਨ ਅਤੇ ਲੋੜਵੰਦਾਂ ਲਈ ਵੀਲ੍ਹਚੇਅਰ ਦਾ ਪ੍ਰਬੰਧ ਹੋਣਾ ਚਾਹੀਦਾ ਹੈ ! ਉਹਨਾਂ ਕਿਹਾ ਕਿ ਸਾਰੇ ਦਫ਼ਤਰਾਂ ਦੇ ਸਟਾਫ਼ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਜਾਣ ਕਿ ਉਹ ਬਜ਼ੁਰਗਾਂ ਅਤੇ ਦਿਵਿਆਂਗਾਂ ਨਾਲ ਨਿਮਰਤਾ ਅਤੇ ਹਮਦਰਦੀ ਭਰੇ ਵਤੀਰੇ ਨਾਲ ਪੇਸ਼ ਆਉਣ। ਮਾ. ਕੁਲਵਿੰਦਰ ਸਿੰਘ ਜੰਡਾ ਨੇ ਅਖੀਰ ਵਿੱਚ ਕਿਹਾ ਕਿ ਕਿਸੇ ਵੀ ਸੂਬੇ ਦੀ ਸੱਭਿਅਕ ਸਮਾਜ ਦੀ ਪਛਾਣ ਇਸ ਗੱਲ ਤੋਂ ਹੁੰਦੀ ਹੈ ਕਿ ਉਹ ਆਪਣੇ ਬਜ਼ੁਰਗਾਂ ਅਤੇ ਦਿਵਿਆਂਗਾਂ ਦਾ ਕਿੰਨਾ ਸਤਿਕਾਰ ਕਰਦਾ ਹੈ। ਉਨ੍ਹਾਂ ਉਮੀਦ ਜਤਾਈ ਕਿ ਪ੍ਰਸ਼ਾਸਨ ਇਸ ਗੰਭੀਰ ਮੁੱਦੇ ਵੱਲ ਤੁਰੰਤ ਧਿਆਨ ਦੇਵੇਗਾ ਅਤੇ ਸਾਰੇ ਦਫ਼ਤਰਾਂ ਵਿੱਚ ਇਨ੍ਹਾਂ ਸੁਵਿਧਾਵਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਵਾਏਗਾ।

# ਤੇਜ਼ ਗਰਮੀ ਦੇ ਮੌਸਮ ਵਿੱਚ ਥੋੜ੍ਹੀ ਜਿਹੀ ਲਾਪਰਵਾਹੀ ਵੀ ਸਿਹਤ 'ਤੇ ਗੰਭੀਰ ਅਸਰ ਪਾ ਸਕਦੀ ਹੈ : ਡਾ. ਹਰਜੀਤ ਸਿੰਘ

**ਹੁਸ਼ਿਆਰਪੁਰ 24 ਮਈ ( ਤਰਸੇਮ ਦੀਵਾਨਾ )** – ਦਿਨੋ ਦਿਨ ਵੱਧ ਰਹੀ ਭਿਆਨਕ ਗਰਮੀ ਅਤੇ ਲੂ ਦੇ ਪ੍ਰਕੋਪ ਨੂੰ ਦੇਖਦਿਆਂ ਐਸ ਐਸ ਮੈਡੀਸਿਟੀ ਮੁਕੇਰੀਆਂ ਦੇ ਐਮਡੀ ਡਾਕਟਰ ਹਰਜੀਤ ਸਿੰਘ ਨੇ ਸਾਡੇ ਪੱਤਰਕਾਰ ਨਾਲ ਇੱਕ ਸੰਖੇਪ ਜਿਹੀ ਮੁਲਾਕਾਤ ਦੌਰਾਨ ਕਿਹਾ ਕਿ ਇਸ ਤੇਜ਼ ਗਰਮੀ ਦੇ ਮੌਸਮ ਵਿੱਚ ਥੋੜ੍ਹੀ ਜਿਹੀ ਲਾਪਰਵਾਹੀ ਵੀ ਸਿਹਤ 'ਤੇ ਗੰਭੀਰ ਅਸਰ ਪਾ ਸਕਦੀ ਹੈ। ਉਨ੍ਹਾਂ ਕਿਹਾ ਕਿ ਗਰਮੀ ਤੋਂ ਬਚਾਅ ਲਈ ਸਰੀਰ ਵਿੱਚ ਪਾਣੀ ਦੀ ਕਮੀ ਨਾ ਹੋਣ ਦਿਓ ਅਤੇ ਵੱਧ ਤੋਂ ਵੱਧ ਤਰਲ ਪਦਾਰਥਾਂ ਦਾ ਸੇਵਨ ਕਰੋ। ਉਨ੍ਹਾਂ ਦੱਸਿਆ ਕਿ ਸਰੀਰ ਦਾ ਤਾਪਮਾਨ ਸੰਤੁਲਿਤ ਬਣਾਈ ਰੱਖਣ ਲਈ ਸਾਧਾਰਣ ਪਾਣੀ, ਲੱਸੀ, ਨਿੰਬੂ ਪਾਣੀ, ਨਾਰੀਅਲ ਪਾਣੀ, ਜੂਸ ਅਤੇ ਓਆਰਐਸ ਦਾ ਘੋਲ ਬਹੁਤ ਲਾਭਕਾਰੀ ਹੈ। ਉਹਨਾਂ ਕਿਹਾ ਕਿ ਦੁਪਹਿਰ 12 ਵਜੇ ਤੋਂ ਲੱਗਭਗ 5 ਵਜੇ ਤੱਕ ਧੁੱਪ ਦਾ ਪ੍ਰਭਾਵ ਸਭ ਤੋਂ ਵੱਧ ਹੁੰਦਾ ਹੈ, ਇਸ ਲਈ ਇਸ ਸਮੇਂ ਬਿਨਾਂ ਜ਼ਰੂਰੀ ਕੰਮ ਦੇ ਘਰ ਤੋਂ ਬਾਹਰ ਨਿਕਲਣ ਤੋਂ ਬਚਣਾ ਚਾਹੀਦਾ ਹੈ। ਡਾ. ਹਰਜੀਤ ਸਿੰਘ ਨੇ ਕਿਹਾ ਕਿ ਬੱਚਿਆਂ ਅਤੇ ਬਜ਼ੁਰਗਾਂ ਦਾ ਖਾਸ ਧਿਆਨ ਰੱਖਣ ਦੀ ਲੋੜ ਹੈ ਕਿਉਂਕਿ ਉਨ੍ਹਾਂ 'ਤੇ ਗਰਮੀ ਦਾ ਅਸਰ ਜ਼ਿਆਦਾ ਤੇਜ਼ੀ ਨਾਲ ਹੁੰਦਾ ਹੈ। ਉਹਨਾਂ ਕਿਹਾ ਕਿ ਨਵਜਾਤ



ਬੱਚੇ, ਗਰਭਵਤੀ ਮਹਿਲਾਵਾਂ, ਖੇਤਾਂ ਅਤੇ ਨਿਰਮਾਣ ਸਥਲਾਂ 'ਤੇ ਕੰਮ ਕਰਨ ਵਾਲੇ ਮਜ਼ਦੂਰ, ਕਿਸਾਨ, ਫੁੱਟਪਾਥਾਂ 'ਤੇ ਰਹਿਣ ਵਾਲੇ ਲੋਕ, ਦਿਲ ਦੀ ਬਿਮਾਰੀ ਤੋਂ ਪੀੜਤ ਮਰੀਜ਼ ਅਤੇ ਮੋਟਾਪੇ ਨਾਲ ਪੀੜਤ ਲੋਕ ਲੂ ਅਤੇ ਗਰਮੀ ਦੀ ਚਪੇਟ ਵਿੱਚ ਜਲਦੀ ਆ ਸਕਦੇ ਹਨ।

ਉਨ੍ਹਾਂ ਲੋਕਾਂ ਨੂੰ ਸਲਾਹ ਦਿੱਤੀ ਕਿ ਘਰ ਨੂੰ ਠੰਢਾ ਰੱਖੋ ਜਿੰਨਾ ਚਿਰ ਗਰਮੀ ਹੈ ਉਨਾਂ ਚਿਰ ਸੂਤੀ ਕੱਪੜੇ ਪਾਉ , ਬਾਹਰ ਨਿਕਲਦੇ ਸਮੇਂ ਸਿਰ ਨੂੰ ਢੱਕ ਕੇ ਰੱਖੋ ਅਤੇ ਧੁੱਪ ਵਾਲਾ ਚਸ਼ਮਾ ਲਗਾਕੇ ਰੱਖੋ । ਉਹਨਾਂ ਕਿਹਾ ਕਿ ਵੱਧ ਰਹੀ ਗਰਮੀ ਨੂੰ ਦੇਖਦੇ ਹੋਏ ਹਰ ਵਿਅਕਤੀ ਨੂੰ ਹਰ ਅੱਧੇ ਘੰਟੇ ਬਾਅਦ ਪਾਣੀ ਪੀਣਾ ਚਾਹੀਦਾ ਹੈ ਅਤੇ ਬਾਹਰ ਜਾਂਦੇ ਸਮੇਂ ਪਾਣੀ ਦੀ ਬੋਤਲ ਨਾਲ ਲੈ ਕੇ ਜਾਣੀ ਚਾਹੀਦੀ ਹੈ । ਉਹਨਾਂ ਕਿਹਾ ਕਿ ਤਲਿਆ ਹੋਇਆ, ਬੇਹਾ ਅਤੇ ਬਾਹਰ ਦਾ ਖਾਣਾ ਖਾਣ ਤੋਂ ਬਚੋ। ਤੇਜ਼ ਧੁੱਪ ਵਿੱਚ ਵੱਧ ਸਰੀਰਕ ਮਿਹਨਤ ਨਾ ਕਰੋ, ਸ਼ਰਾਬ, ਚਾਹ ਅਤੇ ਕਾਫੀ ਦਾ ਸੇਵਨ ਘੱਟ ਕਰੋ ਅਤੇ ਬੱਚਿਆਂ ਨੂੰ ਪਾਰਕ ਕੀਤੇ ਵਾਹਨਾਂ ਵਿੱਚ ਇਕੱਲਾ ਨਾ ਛੱਡੋ। ਉਨ੍ਹਾਂ ਕਿਹਾ ਕਿ ਗਰਮੀ ਨਾਲ ਸੰਬੰਧਿਤ ਕਿਸੇ ਵੀ ਸਿਹਤ ਸਮੱਸਿਆ ਹੋਣ 'ਤੇ ਆਪਣੇ ਡਾਕਟਰ ਨਾਲ ਸੰਪਰਕ ਕਰੋ।

# ਪੈਟਰੋਲ ਤੇ ਡੀਜ਼ਲ ਦੇ ਹਫ਼ਤੇ ਵਿੱਚ ਤੀਜੀ ਵਾਰ ਵਧਾਏ ਰੇਟਾਂ ਨੇ ਸੂਬੇ ਭਰ ਵਿੱਚ ਘਰੇਲੂ ਬਜਟ ਨੂੰ ਬੁਰੀ ਤਰ੍ਹਾਂ ਕੀਤਾ ਪ੍ਰਭਾਵਿਤ : ਡਾ ਅਜੇ ਬੱਗਾ

**ਹੁਸ਼ਿਆਰਪੁਰ, 24 ਮਈ (ਤਰਸੇਮ ਦੀਵਾਨਾ )** - ਸਮਾਜਿਕ ਜਾਗਰੂਕਤਾ ਲਈ ਕੰਮ ਕਰ ਰਹੀ ਸੰਸਥਾ 'ਸਵੇਰਾ' (ਸੋਸਾਇਟੀ ਫਾਰ ਸੋਸ਼ਲ ਅਵੇਅਰਨੈਸ) ਨੇ ਪੰਜਾਬ ਸਰਕਾਰ ਨੂੰ ਪੈਟਰੋਲ ਅਤੇ ਡੀਜ਼ਲ 'ਤੇ ਰਾਜ-ਪੱਧਰੀ ਟੈਕਸ ਵੈਟ ਘਟਾਉਣ ਦੀ ਅਪੀਲ ਕੀਤੀ ਹੈ, ਤਾਂ ਜੋ ਇਹ ਮਜ਼ਬੂਤ ਸੰਦੇਸ਼ ਜਾਵੇ ਕਿ ਸਰਕਾਰ ਸੰਕਟ ਦੀ ਇਸ ਘੜੀ ਵਿੱਚ ਆਮ ਆਦਮੀ ਦੇ ਨਾਲ ਖੜ੍ਹੀ ਹੈ।

ਸਵੇਰਾ ਦੇ ਸੰਸਥਾਪਿਕ ਡਾ. ਅਜੇ ਬੱਗਾ ਨੇ ਕਿਹਾ ਕਿ ਪੈਟਰੋਲ ਅਤੇ ਡੀਜ਼ਲ ਦੇ ਭਾਅ ਇੱਕ ਹਫ਼ਤੇ ਵਿੱਚ ਤੀਜੀ ਵਾਰ ਵਧਾਏ ਗਏ ਹਨ, ਅਤੇ ਇਸ ਲਗਾਤਾਰ ਵਾਧੇ ਨੇ ਸੂਬੇ ਭਰ ਵਿੱਚ ਘਰੇਲੂ ਬਜਟ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਡਾ. ਬੱਗਾ ਨੇ ਕਿਹਾ ਕਿ ਭਾਵੇਂ ਕੇਂਦਰੀ ਉਤਪਾਦ ਸ਼ੁਲਕ ਅਤੇ ਅੰਤਰਰਾਸ਼ਟਰੀ ਕੱਚੇ ਤੇਲ



ਦੀਆਂ ਦਰਾਂ ਈਧਨ ਦੀਆਂ ਕੀਮਤਾਂ ਨੂੰ ਪ੍ਰਭਾਵਿਤ ਕਰਦੀਆਂ ਹਨ, ਪਰ ਵੈਟ ਦੇ ਰੂਪ ਵਿੱਚ ਰਾਜ ਦਾ ਹਿੱਸਾ ਕਾਫੀ ਵੱਡਾ ਹੈ। ਉਹਨਾਂ ਕਿਹਾ ਕਿ ਰਾਜ ਵੈਟ ਵਿੱਚ ਕਮੀ ਨਾਲ ਖਪਤਕਾਰਾਂ ਲਈ ਈਂਧਨ ਦੀਆਂ ਕੀਮਤਾਂ ਤੁਰੰਤ ਘੱਟਣਗੀਆਂ ਅਤੇ ਸਿੱਧੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਸਸਤੇ ਈਂਧਨ ਨਾਲ ਮਹਿੰਗਾਈ 'ਤੇ ਕੰਟਰੋਲ ਵਿੱਚ ਸਿੱਧੀ ਮਦਦ ਮਿਲਦੀ ਹੈ, ਕਿਉਂਕਿ ਸਬਜ਼ੀਆਂ, ਦੁੱਧ, ਅਨਾਜ ਅਤੇ ਹੋਰ ਜ਼ਰੂਰੀ ਚੀਜ਼ਾਂ ਲਈ ਢੋਆ-ਢੁਆਈ ਲਾਗਤ ਇੱਕ ਮੁੱਖ ਖਰਚ ਹੈ। ਜਦੋਂ ਮਾਲ-ਭਾੜਾ ਮਹਿੰਗਾ ਹੁੰਦਾ ਹੈ, ਤਾਂ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਦੇ ਭਾਅ ਆਪਣੇ ਆਪ ਵੱਧ ਜਾਂਦੇ ਹਨ, ਜਿਸ ਨਾਲ ਗਰੀਬ ਅਤੇ ਮੱਧ ਵਰਗ ਸਭ ਤੋਂ ਵੱਧ ਪ੍ਰਭਾਵਿਤ ਹੁੰਦਾ ਹੈ।

ਡਾ. ਬੱਗਾ ਨੇ ਕਿਹਾ ਕਿ ਵੈਟ ਵਿੱਚ ਰਾਹਤ ਨਾਲ ਆਟੋ ਚਾਲਕਾਂ, ਟੈਕਸੀ ਆਪਰੇਟਰਾਂ, ਛੋਟੇ ਵਪਾਰੀਆਂ, ਕਿਸਾਨਾਂ ਅਤੇ ਰੋਜ਼ਾਨਾ ਸਫਰ ਕਰਨ ਵਾਲੇ ਯਾਤਰੀਆਂ ਦਾ ਬੋਝ ਵੀ ਘੱਟ ਹੋਵੇਗਾ, ਜਿਨ੍ਹਾਂ ਦੀ ਆਜੀਵਿਕਾ ਈਂਧਨ 'ਤੇ ਨਿਰਭਰ ਹੈ। ਕਈ ਪਰਿਵਾਰਾਂ ਲਈ ਈਧਨ ਹੁਣ ਸਿਰਫ਼ ਯਾਤਰਾ ਦਾ ਖ਼ਰਚਾ ਹੀ ਨਹੀਂ, ਸਗੋਂ ਉਨ੍ਹਾਂ ਦੀ ਮਹੀਨਾਵਾਰ ਬੱਚਤ ਤੈਅ ਕਰਨ ਵਾਲਾ ਕਾਰਕ ਬਣ ਗਿਆ ਹੈ। ਉਨ੍ਹਾਂ ਨੇ ਆਪ ਸਰਕਾਰ ਨੂੰ ਬਿਨਾਂ ਦੇਰੀ ਪੈਟਰੋਲ ਅਤੇ ਡੀਜ਼ਲ 'ਤੇ ਵੈਟ ਨੂੰ ਤਰਕਪੂਰਨ ਬਣਾਉਣ ਦੀ ਅਪੀਲ ਕੀਤੀ। ਅਜਿਹਾ ਕਦਮ ਨਾ ਸਿਰਫ਼ ਆਰਥਿਕ ਰਾਹਤ ਦੇਵੇਗਾ, ਬਲਕਿ ਜਨਤਾ ਦਾ ਇਹ ਭਰੋਸਾ ਵੀ ਮਜ਼ਬੂਤ ਕਰੇਗਾ ਕਿ ਸਰਕਾਰ ਆਮ ਨਾਗਰਿਕਾਂ ਦੇ ਸੰਕਟ ਪ੍ਰਤੀ ਸੰਵੇਦਨਸ਼ੀਲ ਹੈ।

# ਮਾਨ ਸਰਕਾਰ ਦੇ 10 ਲੱਖ ਵਾਲੇ ਹੈਲਥ ਕਾਰਡ ਨਿਕਲੇ ਫ਼ੋਕੇ ਪੰਜਾਬ ਦੇ ਲੋਕ ਹਸਪਤਾਲਾਂ ਵਿੱਚ ਹੋ ਰਹੇ ਨੇ ਖੱਜਲ ਖ਼ੁਆਰ : ਬਰਿੰਦਰ ਸਿੰਘ ਪਰਮਾਰ

**ਹੁਸ਼ਿਆਰਪੁਰ 24 ਮਈ ( ਤਰਸੇਮ ਦੀਵਾਨਾ ) –** ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜ਼ਿਲ੍ਹਾ ਸਕੱਤਰ ਜਨਰਲ ਬਰਿੰਦਰ ਸਿੰਘ ਪਰਮਾਰ ਨੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਤਿੱਖੇ ਹਮਲੇ ਕਰਦਿਆਂ ਦੋਸ਼ ਲਾਇਆ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਦੇ ਲੋਕਾਂ ਨੂੰ ਦਿੱਤੇ ਗਏ 10 ਲੱਖ ਰੁਪਏ ਦੇ ਹੈਲਥ ਇੰਸ਼ੋਰੈਂਸ ਕਾਰਡ ਮਹਿਜ਼ ਇੱਕ ਚੋਣ ਸਟੰਟ ਅਤੇ ਲੋਕਾਂ ਨੂੰ ਗੁਮਰਾਹ ਕਰਨ ਦਾ ਸਾਧਨ ਸਾਬਿਤ ਹੋਏ ਹਨ। ਉਨ੍ਹਾਂ ਕਿਹਾ ਕਿ ਇਹ ਕਾਰਡ ਪੰਜਾਬ ਦੇ ਕਿਸੇ ਵੀ ਹਸਪਤਾਲ ਵਿੱਚ ਨਹੀਂ ਚੱਲ ਰਹੇ, ਜਿਸ ਕਾਰਨ ਸੂਬੇ ਦੇ ਲੋਕ ਅੱਜ ਬੇਹੱਦ ਦੁਖੀ ਅਤੇ ਪਰੇਸ਼ਾਨ ਹਨ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਕਾਲੀ ਆਗੂ ਬਰਿੰਦਰ ਸਿੰਘ ਪਰਮਾਰ ਨੇ ਕਿਹਾ ਕਿ "ਭਗਵੰਤ ਮਾਨ ਸਰਕਾਰ ਨੇ



ਵੱਡੇ-ਵੱਡੇ ਇਸ਼ਤਿਹਾਰ ਦੇ ਕੇ ਲੋਕਾਂ ਨੂੰ ਮੁਫ਼ਤ ਇਲਾਜ ਦੇ ਸਬਜ਼ਬਾਗ ਦਿਖਾਏ ਸਨ। ਪਰ ਅੱਜ ਹਕੀਕਤ ਇਹ ਹੈ ਕਿ ਜਦੋਂ ਕੋਈ ਗ਼ਰੀਬ ਜਾਂ ਲੋੜਵੰਦ ਮਰੀਜ਼ ਇਨ੍ਹਾਂ ਕਾਰਡਾਂ ਨੂੰ ਲੈ ਕੇ ਹਸਪਤਾਲ ਜਾਂਦਾ ਹੈ, ਤਾਂ ਹਸਪਤਾਲ ਪ੍ਰਸ਼ਾਸਨ ਇਲਾਜ ਕਰਨ ਤੋਂ ਸਾਫ਼ ਮਨਾ ਕਰ ਦਿੰਦਾ ਹੈ। ਸਰਕਾਰ ਵੱਲੋਂ ਹਸਪਤਾਲਾਂ ਦੇ ਫੰਡ ਕਲੀਅਰ ਨਾ ਕੀਤੇ ਜਾਣ ਕਰਕੇ ਸਿਹਤ ਸਹੂਲਤਾਂ ਦਾ ਜਨਾਜ਼ਾ ਨਿਕਲ ਚੁੱਕਾ ਹੈ। ਬਰਿੰਦਰ ਸਿੰਘ ਪਰਮਾਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਬਹੁਤ ਗਾਰੰਟੀਆਂ ਦਿੱਤੀਆਂ ਸਨ, ਪਰ ਅੱਜ ਮਾਨ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਿਤ ਹੋਈ ਹੈ। ਉਹਨਾਂ ਕਿਹਾ ਕਿ ਸਿਹਤ ਸੇਵਾਵਾਂ ਵਰਗੇ ਸੰਵੇਦਨਸ਼ੀਲ ਮੁੱਦੇ 'ਤੇ ਵੀ ਲੋਕਾਂ ਨਾਲ ਕੋਝਾ ਮਜ਼ਾਕ ਕੀਤਾ ਜਾ ਰਿਹਾ ਹੈ। ਪੰਜਾਬ ਦੇ ਲੋਕ ਅੱਜ ਇਸ ਸਰਕਾਰ ਦੀਆਂ ਗੁੰਮਰਾਹਕੁੰਨ ਨੀਤੀਆਂ ਤੋਂ ਬੁਰੀ ਤਰ੍ਹਾਂ ਤੰਗ ਆ ਚੁੱਕੇ ਹਨ ਅਤੇ ਆਪਣੇ ਆਪ ਨੂੰ ਠੱਗਿਆ,ਠੱਗਿਆ ਮਹਿਸੂਸ ਕਰ ਰਹੇ ਹਨ। ਬਰਿੰਦਰ ਸਿੰਘ ਪਰਮਾਰ ਨੇ ਮੰਗ ਕੀਤੀ ਕਿ ਸਰਕਾਰ ਤੁਰੰਤ ਸਿਹਤ ਬੀਮਾ ਯੋਜਨਾ ਦੇ ਖ਼ਾਮੀਆਂ ਨੂੰ ਦੂਰ ਕਰੇ ਅਤੇ ਹਸਪਤਾਲਾਂ ਦੇ ਬਕਾਏ ਜਾਰੀ ਕਰਕੇ ਇਨ੍ਹਾਂ ਕਾਰਡਾਂ ਨੂੰ ਸੁਚਾਰੂ ਰੂਪ ਵਿੱਚ ਚਾਲੂ ਕਰਵਾਏ, ਤਾਂ ਜੋ ਗ਼ਰੀਬ ਜਨਤਾ ਨੂੰ ਖੱਜਲ ਖ਼ੁਆਰ ਨਾ ਹੋਣਾ ਪਵੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਲੋਕਾਂ ਨੂੰ ਸਿਹਤ ਸਹੂਲਤਾਂ ਨਾ ਮਿਲੀਆਂ ਤਾਂ ਸ਼੍ਰੋਮਣੀ ਅਕਾਲੀ ਦਲ ਲੋਕਾਂ ਦੇ ਹੱਕਾਂ ਲਈ ਸੜਕਾਂ 'ਤੇ ਉਤਰਨ ਤੋਂ ਗੁਰੇਜ਼ ਨਹੀਂ ਕਰੇਗਾ।

# ਮਾਨ ਸਰਕਾਰ ਦੇ ਅਧਿਆਪਕਾਂ ਤੋਂ ਗੈਰ ਵਿੱਦਿਅਕ ਕੰਮ ਨਾ ਲੈਣ ਦੇ ਵਾਅਦੇ ਪਏ ਖ਼ੂਹ ਵਿੱਚ

**● "ਪ੍ਰਸ਼ਾਸਨ ਨੇ ਅਧਿਆਪਕਾਂ ਨੂੰ ਇਕੋ ਸਮੇਂ ਜਨਗਣਨਾ ਅਤੇ ਚੋਣ ਡਿਊਟੀ ਕਰਨ ਲਈ ਕੀਤਾ ਮਜਬੂਰ" ● "ਤਪਦੀ ਗਰਮੀ ਵਿੱਚ ਕੰਮ ਦੇ ਬੋਝ ਨੇ ਅਧਿਆਪਕਾਂ ਦਾ ਕੀਤਾ ਬੁਰਾ ਹਾਲ "**

**ਬਲਾਚੌਰ, 24 ਮਈ (ਜਤਿੰਦਰ ਪਾਲ ਸਿੰਘ ਕਲੇਰ )** ਸੱਤਾ ਵਿੱਚ ਆਉਣ ਤੋਂ ਪਹਿਲਾ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਜਿੱਥੇ ਆਮ ਲੋਕਾਂ ਨਾਲ਼ ਤਰ੍ਹਾਂ ਤਰ੍ਹਾਂ ਦੇ ਵਾਅਦੇ ਕੀਤੇ ਗਏ ਸਨ, ਉਥੇ ਅਧਿਆਪਕਾਂ ਤੋਂ ਵੋਟਾਂ ਲੈਣ ਲਈ ਵੀ 'ਆਪ' ਨੇ ਪੁਰਾਣੀ ਪੈਨਸ਼ਨ ਬਹਾਲੀ ਅਤੇ ਅਧਿਆਪਕਾਂ ਤੋਂ ਗੈਰ ਵਿੱਦਿਅਕ ਕੰਮ ਨਾ ਲੈਣ ਦੇ ਵਾਅਦੇ ਕੀਤੇ ਗਏ ਸਨ। ਪਰ ਸੱਤਾ ਵਿੱਚ ਆਉਣ ਤੋਂ ਬਾਅਦ ਮਾਨ ਸਰਕਾਰ ਵਲੋਂ ਅਧਿਆਪਕਾਂ ਨਾਲ਼ ਕੀਤੇ ਵਾਆਦਿਆਂ ਨੂੰ ਅੱਖੋਂ ਪਰੋਖੇ ਕਰਕੇ ਅਧਿਆਪਕਾ ਤੋਂ ਵੱਖ-ਵੱਖ ਤਰ੍ਹਾਂ ਦੇ ਗੈਰ ਵਿੱਦਿਅਕ ਕੰਮ ਲਏ ਜਾ ਰਹੇ ਹਨ ਜਿਸ ਕਾਰਨ ਅਧਿਆਪਕ ਵਰਗ ਵਿੱਚ ਸੂਬਾ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। 15 ਮਈ ਤੋਂ ਅਧਿਆਪਕਾਂ ਦੀ ਡਿਊਟੀ ਜਨਗਣਨਾ ਵਿੱਚ ਲਗਾਈ ਹੋਈ ਹੈ ਜਿਸ ਦੇ ਚੱਲਦਿਆਂ ਬੱਚਿਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋ ਰਿਹਾ ਹੈ। ਲਗਭਗ ਸਾਰੇ ਸਕੂਲਾਂ ਦੇ ਅਧਿਪਾਪਕ ਜਨਗਣਨਾ ਡਿਊਟੀ 'ਤੇ ਹਨ ਜਿਸ ਕਾਰਨ ਸਕੂਲ ਅਧਿਆਪਕਾ ਤੋਂ ਸੱਖਣੇ ਹੋ ਗਏ ਹਨ। ਜਨਗਣਨਾ ਡਿਊਟੀ ਬਾਰੇ ਅਧਿਆਪਕਾਂ ਨੇ ਦੱਸਿਆ ਕਿ ਜਨਗਣਨਾ ਦੇ ਪਹਿਲੇ ਗੇੜ ਵਿੱਚ ਮਕਾਨਾਂ ਦੀ ਗਿਣਤੀ ਲਈ ਮਕਾਨਾਂ ਦੇ ਨੰਬਰ ਲਗਾਏ ਜਾ ਰਹੇ ਹਨ ਤੇ ਇੱਕ ਘਰ ਵਿੱਚ 34 ਪ੍ਰਸ਼ਨ ਪੁੱਛ ਕੇ ਐਪ ਵਿੱਚ ਭਰੇ ਜਾ ਰਹੇ ਹਨ। ਇਸ ਤਪਦੀ ਗਰਮੀ ਵਿੱਚ ਇਹ ਕੰਮ ਬਹੁਤ ਮੁਸ਼ਕਲ ਹੈ ਕਿਉਂਕਿ ਬਹੁਤੇ ਅਧਿਆਪਕ ਦੂਰ ਦੁਰਾਡੇ ਤੋਂ ਆਉਂਦੇ ਹਨ ਤੇ ਜੋ ਆਪਣਾ ਕੰਮ ਸ਼ੁਰੂ ਕਰਦੇ ਹਨ ਤਾਂ ਦੁਪਹਿਰ ਹੋ ਜਾਂਦੀ ਹੈ ਜਿਸ ਕਾਰਨ ਲੋਕ ਘਰਾਂ ਦੇ ਗੇਟ ਨਹੀਂ ਖੋਲ੍ਹਦੇ ਤੇ ਉਹਨਾਂ ਦਾ ਕੰਮ ਕੀੜੀ ਦੀ ਚਾਲ ਵਾਂਗ ਚੱਲ ਰਿਹਾ ਹੈ। ਵਸੋਂ ਤੋਂ ਦੂਰ ਖੇਤਾਂ ਵਿੱਚ ਮੋਟਰਾਂ ਦੇ ਕਮਰਿਆਂ ਨੂੰ ਵੀ ਨੰਬਰ ਲਗਾਏ ਜਾ ਰਹੇ ਹਨ ਜਿੱਥੇ ਲੇਡੀਜ਼ ਟੀਚਰਾਂ ਨੂੰ ਇੱਕਲੇ ਇਸ ਕੰਮ ਨੂੰ ਕਰਨ ਲਈ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਖੇਤਾਂ ਦੁਆਲ਼ੇ ਲੱਗੇ ਝਟਕੇ ਵੀ ਵੱਡੀ ਪ੍ਰੇਸ਼ਾਨੀ ਦਾ ਕਾਰਨ ਬਣੇ ਹੋਏ ਹਨ। ਇਸ ਡਿਊਟੀ ਦੇ ਚੱਲਦਿਆਂ ਹੀ ਅਧਿਆਪਕਾਂ ਦੀ ਨਗਰ ਕੌਸਲ ਚੋਣਾਂ ਵਿੱਚ ਵੀ ਜਬਰੀ ਡਿਊਟੀ ਲਗਾ ਦਿੱਤੀ ਗਈ ਹੈ ਜਿਸ ਕਾਰਨ ਅਧਿਆਪਕਾਂ ਵਿੱਚ ਭਾਰੀ ਰੋਸ ਹੈ, ਅਧਿਆਪਕ ਆਪਣੀ ਜਨਗਣਨਾ ਡਿਊਟੀ ਦੇ ਰਹੇ ਹਨ ਤੇ ਪ੍ਰਸ਼ਾਸਨ ਵਲੋਂ ਉਹਨਾਂ ਨੂੰ ਚੋਣ ਰਹਿਸਲ ਵਿੱਚ ਬੁਲਾਇਆ ਜਾ ਰਿਹਾ ਹੈ, ਜਿਹੜੇ ਅਧਿਆਪਕ ਇਹਨਾਂ ਚੋਣ ਰਿਹਸਲਾਂ ਵਿੱਚ ਨਹੀਂ ਪਹੁੰਚ ਪਾਏ ਉਹਨਾਂ ਨੂੰ ਪ੍ਰਸ਼ਾਸਨ ਵਲੋਂ ਸਖ਼ਤ ਨੋਟਿਸ ਭੇਜ ਕੇ ਜਨਗਣਨਾ ਦੇ ਨਾਲ਼ ਨਾਲ਼ ਚੋਣ ਡਿਊਟੀ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਅਧਿਆਪਕਾ ਦਾ ਕਹਿਣਾ ਹੈ ਕਿ ਜਿਲ੍ਹਾ ਪ੍ਰਸ਼ਾਸਨ ਵਲੋਂ ਉਹਨਾਂ ਦੀ ਅਪੀਲ ਦਲੀਲ ਨੂੰ ਸੁਣੇ ਵਗੈਰ ਹੀ ਜਬਰਦਸਤੀ ਦੋ ਦੋ ਡਿਊਟੀਆਂ ਇਕੋ ਸਮੇਂ ਕਰਵਾਈਆਂ ਜਾ ਰਹੀਆਂ ਹਨ। ਜਿਸ ਕਾਰਨ ਉਹਨਾਂ ਦਾ ਜਨਗਣਨਾ ਦਾ ਕੰਮ ਜੋ ਸਮਾਂ ਬੱਧ ਹੈ ਉਸ ਨੂੰ ਪੂਰਾ ਕਰਨਾ ਬਹੁਤ ਔਖਾ ਹੋ ਗਿਆ ਹੈ। ਅਧਿਆਪਕਾਂ ਨੇ ਦੱਸਿਆ ਕਿ ਜਦੋਂ ਉਹ ਨੋਟਿਸ ਦਾ ਜਵਾਬ ਦੇਣ ਜਿਲ੍ਹਾ ਪ੍ਰਸ਼ਾਸਨ ਦੇ ਦਫ਼ਤਰ ਜਾਂਦੇ ਹਨ ਤਾਂ ਉਥੇ ਉਹਨਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ ਤੇ ਉਹਨਾਂ ਨੂੰ ਇਹ ਆਖ ਦਿੱਤਾ ਜਾਂਦਾ ਹੈ ਕਿ ਤੁਹਾਡੇ ਨਾਮ ਤੁਹਾਡੇ ਜਿਲ੍ਹਾ ਸਿੱਖਿਆ ਅਫਸਰ ਦੇ ਦਫ਼ਤਰ ਵਲੋਂ ਹੀ ਭੇਜੇ ਜਾਂਦੇ ਹਨ। ਇਹਨਾਂ ਦੂਹਰੀਆ ਡਿਊਟੀਆਂ ਦੀ ਖੱਜਲ਼ ਖ਼ੁਆਰੀ ਦਾ ਸਾਹ-ਮਣਾ ਕਰ ਰਹੇ ਅਧਿਆਪਕਾ ਨੇ ਦੱਸਿਆ ਕਿ ਸਰਕਾਰੇ ਦੁਆਰੇ ਪਹੁੰਚ ਰੱਖਣ ਵਾਲੇ ਅਧਿਆਪਕਾਂ ਦੀ ਕਿਸੇ ਪਾਸੇ ਵੀ ਡਿਊਟੀ ਨਹੀਂ ਲੱਗਦੀ ਤੇ ਜਿਹੜੇ ਅਧਿਆਪਕ ਕਦੇ ਵੀ ਡਿਊਟੀ ਦੇਣ ਤੋਂ ਇਨਕਾਰ ਨਹੀਂ ਕਰਦੇ ਉਹਨਾਂ ਨੂੰ ਹੀ ਵਾਰ ਵਾਰ ਵੱਖ ਵੱਖ ਡਿਊਟੀਆਂ ਦੀ ਚੱਕੀ ਵਿੱਚ ਪੀਸਿਆ ਜਾ ਰਿਹਾ ਹੈ। ਭਰੇ ਮਨ ਨਾਲ਼ ਅਧਿਆਪਕਾਂ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਦਾ ਢਿਡੋਰਾ ਪਿੱਟਣ ਵਾਲੀ ਸਰਕਾਰ ਕਦੋਂ ਬੱਚਿਆਂ ਦੇ ਪੜ੍ਹਾਈ ਦੇ ਹੋ ਰਹੇ ਨੁਕਸਾਨ ਪ੍ਰਤੀ ਜਾਗੇਗੀ ਤੇ ਪਤਾ ਨਹੀਂ ਕਦੋਂ ਇਹਨਾਂ ਗੈਰ ਵਿੱਦਿਅਕ ਕੰਮਾਂ ਤੋਂ ਨਜ਼ਾਤ ਮਿਲੇਗੀ।

# ਬਲਾਚੌਰ ਸਿਟੀ ਪੁਲਿਸ ਦੀ ਮੁਸਤੈਦੀ 24 ਘੰਟਿਆਂ 'ਚ ਚੋਰੀ ਦੀ ਵਾਰਦਾਤ ਸੁਲਝਾਈ, 2 ਆਰੋਪੀਆ ਨੂੰ ਗ੍ਰਿਫ਼ਤਾਰ :ਇੰਸਪੈਕਟਰ ਕਮਲ ਤਨੇਜਾ

**ਬਲਾਚੌਰ 24 ਮਈ( ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸੀਨੀਅਰ ਕਪਤਾਨ ਪੁਲਿਸ ਤੁਸ਼ਾਰ ਗੁਪਤਾ ਜੀ ਦੇ ਦਿਸ਼ਾ-ਨਿਰਦੇਸ਼ਾਂ ਅਤੇ ਹੇਮੰਤ ਮਲਹੋ-ਤਰਾ ਉਪ ਕਪਤਾਨ ਪੁਲਿਸ ਸਬ ਡਵੀਜ਼ਨ ਬਲਾਚੌਰ ਦੀ ਯੋਗ ਅਗਵਾਈ ਹੇਠ, ਮਾੜੇ ਪੁਰਸ਼ਾਂ ਦੇ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਥਾਣਾ ਸਿਟੀ ਬਲਾਚੌਰ ਦੀ ਪੁਲਿਸ ਨੂੰ ਉਸ ਸਮੇਂ ਵੱਡੀ ਸਫ਼ਲਤਾ ਮਿਲੀ ਜਦੋਂ ਪੁਲਿਸ ਟੀਮ ਨੇ ਮੁਸਤੈਦੀ ਦਿਖਾਉਂਦੇ ਹੋਏ ਘਰ ਵਿੱਚ ਹੋਈ ਚੋਰੀ ਦੀ ਵਾਰਦਾਤ ਨੂੰ ਮਹਿਜ਼ 24 ਘੰਟਿਆਂ ਵਿੱਚ ਟਰੇਸ ਕਰਕੇ ਦੋ ਆਰੋਪੀਆ ਨੂੰ ਗ੍ਰਿਫ਼ਤਾਰ ਕਰ ਲਿਆ। ਮੌਕੇ ਤੋਂ ਮਿਲੀ ਜਾਣਕਾਰੀ ਅਨੁਸਾਰ ਸ਼ਿਕਾਇਤ ਕਰਤਾ ਸੁਰਿੰਦਰ ਕੁਮਾਰ ਪੁੱਤਰ , ਵਾਸੀ ਕੰਗਣਾ ਬੇਟ ਥਾਣਾ ਸਿਟੀ ਬਲਾਚੌਰ ਦੇ ਘਰ ਵਿੱਚ 22 ਤਾਰਿਕ ਅਗਿਆਤ ਵਿਅਕਤੀਆਂ ਵਲੋਂ ਗਹਿਣੇ ਅਤੇ ਨਗਦੀ ਚੋਰੀ ਕਰ ਲਈ ਗਈ ਸੀ। ਇਸ ਸਬੰਧੀ ਸੁਰਿੰਦਰ ਕੁਮਾਰ ਦੇ ਬਿਆਨਾਂ ਦੇ ਅਧਾਰ ਤੇ ਸਿਟੀ ਬਲਾਚੌਰ ਵਿਖੇ ਮੁਕੱਦਮਾ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ।ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਇੰਸਪੈਕਟਰ ਕਮਲ ਤਨੇਜਾ ਐਸ ਐਸ ਓ , ਥਾਣਾ ਸਿਟੀ ਬਲਾਚੌਰ ਅਤੇ ਏ.ਐਸ.ਆਈ. ਨਰੇਸ਼ ਕੁਮਾਰ ਦੀ





ਅਗਵਾਈ ਵਾਲੀ ਪੁਲਿਸ ਟੀਮ ਨੇ ਤੁਰੰਤ ਕਾਰਵਾਈ ਕਰਦਿਆਂ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ 2 ਆਰੋਪੀਆਂ ਨੂੰ ਟਰੇਸ ਕਰਕੇ ਗ੍ਰਿਫ਼ਤਾਰ ਕਰ ਲਿਆ। ਜਿਨਾਂ ਵਿੱਚ ਮਨੀਸ਼ ਕੁਮਾਰ ਉਰਫ ਮਨੀ , ਵਾਸੀ ਕੰਗਣਾ ਬੇਟ ਸਾਹਿਲ , ਵਾਸੀ ਖੋਜਾਂ ਬੇਟ ਥਾਣਾ ਬਲਾਚੌਰ ਵਜੋਂ ਹੋਈ ਹੈ।ਪੁਲਿਸ ਵਲੋਂ ਫੜੇ ਗਏ ਦੋਸ਼ੀਆਂ ਕੋਲੋਂ ਚੋਰੀ ਕੀਤੇ ਗਏ ਗਹਿਣਿਆਂ ਵਿੱਚੋਂ 02 ਚਾਂਦੀ ਦੀਆਂ ਚੂੜੀਆਂ, ਇੱਕ ਜੋੜਾ ਚਾਂਦੀ ਦੀਆਂ ਪੰਜੇਬਾਂ ਅਤੇ ਤਿੰਨ ਚਾਂਦੀ ਦੀਆਂ ਮੁੰਦਰੀਆਂ ਬ੍ਰਾਮਦ ਕੀਤੀਆਂ ਜਾ ਚੁੱਕੀਆਂ ਹਨ।ਇੰਸਪੈਕਟਰ ਕਮਲ ਤਨੇਜਾ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ। ਰਿਮਾਂਡ ਦੌਰਾਨ ਮੁਲਜ਼ਮਾਂ ਕੋਲੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ, ਜਿਸ ਦੌਰਾਨ ਚੋਰੀ ਕੀਤੇ ਗਏ ਬਾਕੀ ਗਹਿਣਿਆਂ ਅਤੇ ਨਗਦੀ ਦੀ ਰਿਕਵਰੀ ਹੋਣ ਦੀ ਪੂਰੀ ਉਮੀਦ ਹੈ।

# ਕਿਸੇ ਵੀ ਲਾਲਚ ਅਧੀਨ ਆਪਣੀ ਜ਼ਮੀਰ ਨਾ ਵੇਚਿਓ : ਢੋਸੀਵਾਲ

## ਵੋਟ ਆਪਣੀ ਮਰਜੀ ਨਾਲ ਪਾਓ

**ਫ਼ਰੀਦਕੋਟ (ਸ਼ਿਵਨਾਥ)** ਸਾਰੇ ਪੰਜਾਬ ਅੰਦਰ ਨਗਰ ਕੌਂਸਲਾਂ, ਨਗਰ ਪੰਚਾਇਤਾਂ ਅਤੇ ਨਗਰ ਕਾਰਪੋਰੇਸ਼ਨਾਂ ਲਈ ਆਉਂਦੀ ਛੱਬੀ ਮਈ ਨੂੰ ਚੋਣਾਂ ਹੋ ਰਹੀਆਂ ਹਨ। ਸਥਾਨਕ ਸ਼ਹਿਰ ਫਰੀਦਕੋਟ ਸਮੇਤ ਸਮੁੱਚੇ ਪੰਜਾਬ ਵਿੱਚ ਸਾਰੇ ਉਮੀਦਵਾਰ ਆਪਣੀ ਜਿੱਤ ਯਕੀਨੀ ਬਨਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ। ਵੋਟਰਾਂ ਨੂੰ ਸਬਜ ਬਾਗ ਦਿਖਾਏ ਜਾ ਰਹੇ ਹਨ। ਕਈ ਤਰ੍ਹਾਂ ਦੇ ਲਾਲਚ ਅਤੇ ਡਰਾਵੇ ਦਿੱਤੇ ਜਾ ਰਹੇ ਹਨ। ਪ੍ਰਮੁੱਖ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਐ ਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੇ ਸੰਸਥਾਪਕ ਜਗਦੀਸ਼ ਰਾਏ ਢੋਸੀਵਾਲ, ਜ਼ਿਲ੍ਹਾ ਚੀਫ਼ ਪੈਟਰਨ ਮੈਡਮ ਹੀਰਾਵਤੀ, ਜਿਲ੍ਹਾ ਚੇਅਰਮੈਨ ਡਾ. ਹਰਪਾਲ ਸਿੰਘ, ਜਿਲ੍ਹਾ ਪ੍ਰਧਾਨ ਡੀ.ਪੀ.ਐੱਸ. ਭੋਲਾ, ਸੀਨੀਅਰ ਮੀਤ ਪ੍ਰਧਾਨ ਇੰਸ. ਰਮੇਸ਼ ਕੁਮਾਰ, ਜਨਰਲ ਸਕੱਤਰ ਪ੍ਰੋ. ਮਲਕੀਅਤ ਸਿੰਘ ਮੰਮਨ, ਮੁੱਖ ਸਲਾਹਕਾਰ ਡਾ. ਸੋਹਨ ਲਾਲ ਨਿਗਾਹ, ਪ੍ਰੈਸ ਸੈਕਟਰੀ ਕੇ.ਪੀ. ਸਰਾਂ, ਸਹਾਇਕ ਸਕੱਤਰ ਸ਼ਿਵ ਨਾਥ ਦਰਦੀ, ਕਾਨੂੰਨੀ ਸਲਾਹਕ-ਾਰ ਐਡਵੋਕੇਟ ਪ੍ਰਦੀਪ ਸਿੰਘ



ਅਟਵਾਲ, ਜਸਵਿੰਦਰ ਸਿੰਘ ਜੱਸ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਸ਼ਹਿਰ ਨਿਵਾਸੀਆਂ ਨੂੰ ਕਿਸੇ ਡਰ, ਦਬਾਅ ਜਾਂ ਲਾਲਚ ਤੋਂ ਬਿਨਾਂ ਆਪਣੀ ਵੋਟ ਪਾਉਣ ਲਈ ਅਪੀਲ ਕੀਤੀ ਹੈ। ਵੋਟ ਦਾ ਅਧਿਕਾਰ ਸਭਨਾਂ ਦਾ ਕਾਨੂੰਨੀ ਹੱਕ ਹੈ। ਸਾਨੂੰ ਸਾਰਿਆਂ ਨੂੰ ਇਸ ਅਧਿਕਾਰ ਦੀ ਲਾਜ਼ਮੀ ਵਰਤੋਂ ਕਰਨੀ ਚਾਹੀਦੀ ਹੈ। ਉਕਤ ਟਰੱਸਟ ਆਗੂਆਂ ਨੇ ਸ਼ਹਿਰ ਨਿਵਾਸੀਆਂ ਨੂੰ ਇਨ੍ਹਾਂ ਚੋਣਾਂ ਦੌਰਾਨ ਆਪਣੀ ਸਦਭਾਵਨਾ ਅਤੇ ਭਾਈਚਾਰਾ ਕਾਇਮ ਰੱਖਣ ਦੀ ਅਪੀਲ ਕੀਤੀ ਹੈ। ਉਕਤ ਆਗੂਆਂ ਵੱਲੋਂ ਸਾਂਝਾ ਪ੍ਰੈਸ ਬਿਆਨ ਜਾਰੀ ਕਰਦੇ ਹੋਏ ਸ੍ਰੀ ਢੋਸੀਵਾਲ ਨੇ ਕਿਹਾ ਹੈ ਕਿ ਚੋਣਾਂ ਤਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ ਪਰ ਆਪਸੀ ਭਾਈਚਾਰਾ ਅਤੇ ਸਦਭਾਵਨਾ ਸਦਾ ਬਰਕਰਾਰ ਰਹਿਣ ਵਾਲੀ ਵਿਵਸਥਾ ਜੋ ਹਰ ਹਾਲਤ ਕਾਇਮ ਰੱਖੀ ਜਾਣੀ ਚਾਹੀਦੀ ਹੈ। ਟਰੱਸਟ ਆਗੂਆਂ ਨੇ ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਵੋਟਾਂ ਵਾਲੇ ਦਿਨ ਆਪਣੀ ਵੋਟ ਸਵੇਰ ਵੇਲੇ ਠੰਢੇ-ਠੰਢੇ ਭੁਗਤਾਉਣ ਦੀ ਅਪੀਲ ਕੀਤੀ ਹੈ।

# ਸਕੂਲਾਂ ਵਿੱਚ ਕਿਚਨ ਗਾਰਡਨ ਅਤੇ ਈਕੋ ਕਲੱਬ: ਹਰਿਆਲੀ ਵੱਲ ਇੱਕ ਨਿਵੇਕਲੀ ਪੁਲਾਂਘ

ਅੱਜ ਦੇ ਸਮੇਂ ਵਿੱਚ ਜਿੱਥੇ ਪ੍ਰਦੂਸ਼ਣ, ਪਲਾਸਟਿਕ ਕੂੜਾ ਤੇ ਘਟਦੀ ਹਰਿਆਲੀ ਵੱਡੀ ਚਿੰਤਾ ਬਣ ਚੁੱਕੇ ਹਨ ਉੱਥੇ ਸਕੂਲਾਂ ਵਿੱਚ ਬਣ ਰਹੇ ਈਕੋ ਕਲੱਬ ਅਤੇ ਕਿਚਨ ਗਾਰਡਨ ਬੱਚਿਆਂ ਲਈ ਇੱਕ ਨਵੀਂ ਉਮੀਦ ਬਣਕੇ ਸਾਹ-ਮਣੇ ਆ ਰਹੇ ਹਨ। ਇਹ ਸਿਰਫ਼ ਬੂਟੇ ਲਗਾਉਣ ਤੱਕ ਸੀਮਿਤ ਨਹੀਂ ਸਗੋਂ ਬੱਚਿਆਂ ਵਿੱਚ ਕੁਦਰਤ ਨਾਲ ਪਿਆਰ, ਸਿਹਤਮੰਦ ਜੀਵਨ ਅਤੇ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਦੇ ਹਨ। ਕਿਚਨ ਗਾਰਡਨ ਇੱਕ ਜੀਵੰਤ ਲੈਬੋਰਟਰੀ ਵਾਂਗ ਹੁੰਦਾ ਹੈ। ਜਿੱਥੇ ਬੱਚੇ ਕਿਤਾਬਾਂ ਤੋਂ ਬਾਹਰ ਨਿਕਲ ਕੇ ਮਿੱਟੀ ਨਾਲ ਜੁੜਨਾ ਸਿੱਖਦੇ ਹਨ। ਜਦੋਂ ਵਿਦਿਆਰਥੀ ਆਪਣੇ ਹੱਥਾਂ ਨਾਲ ਪਾਲਕ, ਟਮਾਟਰ, ਧਣੀਆਂ, ਮਿਰਚ ਜਾਂ ਹੋਰ ਸਬਜ਼ੀਆਂ ਉਗਾਉਂਦੇ ਹਨ ਤਾਂ ਉਨ੍ਹਾਂ ਵਿੱਚ ਮਿਹਨਤ, ਸਬਰ ਅਤੇ ਕੁਦਰਤ ਦੀ ਮਹੱਤਤਾ ਨੂੰ ਸਮਝਣ ਦੀ ਸੋਚ ਵਿਕਸਤ ਹੁੰਦੀ ਹੈ। ਬੱਚੇ ਇਹ ਵੀ ਜਾਣਦੇ ਹਨ ਕਿ ਰਸਾਇਣਕ ਖਾਦਾਂ ਦੀ ਥਾਂ ਜੈਵਿਕ ਖੇਤੀ ਅਤੇ ਕੰਪੋਸਟ ਖਾਦ ਸਾਡੀ ਸਿਹਤ ਲਈ ਕਿੰਨੀ ਲਾਭਦਾਇਕ ਹੈ। ਈਕੋ ਕਲੱਬ ਵਾਤਾਵਰਣ ਸੰਭਾਲ ਲਈ ਇੱਕ ਅਹਿਮ ਮੰਚ ਬਣ ਚੁੱਕਾ ਹੈ। ਇਸ ਦੇ ਜ਼ਰੀਏ ਬੱਚਿਆਂ ਨੂੰ ਰੁੱਖ ਲਗਾਉਣ, ਪਾਣੀ ਬਚਾਉਣ, ਪਲਾਸਟਿਕ ਤੋਂ ਦੂਰ ਰਹਿਣ ਅਤੇ ਸਫ਼ਾਈ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਜਾਂਦਾ ਹੈ। ਵੱਖ-ਵੱਖ ਗਤੀਵਿਧੀਆਂ, ਜਿਵੇਂ ਬੂਟੇ ਲਗਾਉਣ, ਰੈਲੀਆਂ, ਪੋਸਟਰ ਮੇਕਿੰਗ, ਸਫ਼ਾਈ ਮੁਹਿੰਮਾਂ ਅਤੇ ਜਾਗਰੂਕਤਾ ਪ੍ਰੋਗਰਾਮਾਂ ਰਾਹੀਂ ਬੱਚਿਆਂ ਵਿੱਚ ਵਾਤਾਵਰਣ ਪ੍ਰਤੀ ਪਿਆਰ ਵਧਦਾ ਹੈ। ਕਿਚਨ ਗਾਰਡਨ ਅਤੇ ਈਕੋ ਕਲੱਬ ਬੱਚਿਆਂ ਨੂੰ ਸਿਰਫ਼ ਪੜ੍ਹਾਈ ਤੱਕ ਸੀਮਿਤ ਨਹੀਂ ਰੱਖਦੇ ਸਗੋਂ ਉਨ੍ਹਾਂ ਨੂੰ ਜ਼ਿੰਮੇਵਾਰ ਨਾਗਰਿਕ ਬਣਾਉਣ ਵਿੱਚ ਵੀ ਮਦਦ ਕਰਦੇ ਹਨ। ਜਦੋਂ ਬੱਚੇ ਇੱਕ ਛੋਟੇ ਬੀਜ ਨੂੰ ਬੂਟਾ ਬਣਦੇ ਵੇਖਦੇ ਹਨ ਤਾਂ ਉਨ੍ਹਾਂ ਦੇ ਮਨ ਵਿੱਚ ਕੁਦਰਤ ਲਈ ਸਤਿਕਾਰ ਪੈਦਾ ਹੁੰਦਾ ਹੈ। ਇਹ ਗਤੀਵਿਧੀਆਂ ਬੱਚਿਆਂ ਵਿੱਚ ਟੀਮ ਵਰਕ, ਅਨੁਸ਼ਾਸਨ ਅਤੇ ਸਾਂਝੇ ਕੰਮ ਦੀ ਭਾਵਨਾ ਨੂੰ ਵੀ ਮਜ਼ਬੂਤ ਕਰਦੀਆਂ ਹਨ। ਸੋ ਅੱਜ ਲੋੜ ਹੈ ਕਿ ਹਰ ਸਕੂਲ ਵਿੱਚ ਈਕੋ ਕਲੱਬ ਅਤੇ ਕਿਚਨ ਗਾਰਡਨ ਨੂੰ ਹੋਰ ਵਧਾਇਆ ਜਾਵੇ ਤਾਂ ਕਿ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਵਾਤਾਵਰਣ ਦੀ ਸੰਭਾਲ ਅਤੇ ਸਿਹਤਮੰਦ ਜੀਵਨ ਜਿਉਣ ਦੀ ਸਿੱਖਿਆ ਮਿਲ ਸਕੇ। ਹਰ ਲਗਾਇਆ ਬੂਟਾ ਭਵਿੱਖ ਦੀ ਸੁਰੱਖਿਆ ਹੈ ਅਤੇ ਹਰ ਹਰਿਆਲੀ ਭਰਿਆ ਕੋਨਾ ਸਾਡੀ ਧਰਤੀ ਲਈ ਇੱਕ ਨਵੀਂ ਉਮੀਦ ਹੈ।

"ਜੇ ਅਸੀਂ ਅੱਜ ਬੂਟਾ ਲਗਾਵਾਂਗੇ ਤਾਂ ਆਉਣ ਵਾਲੀਆਂ ਪੀੜੀਆਂ ਨੂੰ ਸਾਫ਼ ਹਵਾ ਅਤੇ ਸੁੰਦਰ ਵਾਤਾਵਰਣ ਦੇ ਸਕਾਂਗੇ।"



**ਅਜੇ ਕੁਮਾਰ**
ਸਾਇੰਸ ਮਾਸਟਰ
ਸਰਕਾਰੀ ਮਿਡਲ ਸਕੂਲ ਸੱਲੋਮਾਜਰਾ (ਚਮਕੌਰ ਸਾਹਿਬ)
87258 00305

for more news visit:
www.samajweekly.com

# ਵਾਰਡ ਨੰਬਰ 14 ਤੋਂ ਜਨਤਕ ਸੰਘਰਸ਼ਾਂ ਦੀ ਮੋਹਰੀ ਆਗੂ ਸੁਨੀਤਾ ਨੂੰ ਮੁਹੱਲਾ ਨਿਵਾਸੀਆਂ ਵੱਲੋਂ ਮਿਲ ਰਿਹਾ ਭਰਵਾਂ ਹੁੰਗਾਰਾ

**ਫਿਲੌਰ ਅੱਪਰਾ 24 ਮਈ (ਦੀਪਾ)**-ਨਗਰ ਕੌਂਸਲ ਚੋਣਾ ਫਿਲੌਰ ਦੇ ਵਾਰਡ ਨੰਬਰ 14 ਦੇ ਉਮੀਦਵਾਰ ਸੁਨੀਤਾ ਜੀ ਦੇ ਹੱਕ ਵਿੱਚ ਅੱਜ ਵਾਰਡ ਦੇ ਵੱਖ-ਵੱਖ ਮੁਹੱਲਿਆਂ ਵਿੱਚ ਚੋਣ ਪ੍ਰਚਾਰ ਤੇਜ਼ ਕਰਦਿਆਂ ਲੋਕਾਂ ਨਾਲ ਅਹਿਮ ਮੀਟਿੰਗਾਂ ਕੀਤੀਆਂ ਗਈਆਂ। ਇਸ ਦੌਰਾਨ ਵੱਡੀ ਗਿਣਤੀ ਵਿੱਚ ਇਕੱਤਰ ਹੋਏ ਵਾਰਡ ਨਿਵਾਸੀਆਂ ਨੇ ਸੁਨੀਤਾ ਜੀ ਨੂੰ ਆਪਣਾ ਪੂਰਨ ਸਮਰਥਨ ਦੇਣ ਦਾ ਐਲਾਨ ਕੀਤਾ। ਪ੍ਰੈਸ ਨਾਲ ਗੱਲਬਾਤ ਕਰਦਿਆਂ ਵਾਰਡ ਦੇ ਮੋਹਤਬਰਾਂ ਨੇ ਕਿਹਾ ਕਿ ਸੁਨੀਤਾ ਕੋਈ ਨਵਾਂ ਚਿਹਰਾ ਨਹੀਂ ਹਨ, ਬਲਕਿ ਉਹ ਲੰਬੇ ਸਮੇਂ ਤੋਂ ਹਰ ਔਖੀ ਘੜੀ ਵਿੱਚ ਜਨਤਾ ਦੇ ਹੱਕਾਂ ਲਈ ਸੰਘਰਸ਼ਾਂ ਦੇ ਮੈਦਾਨ ਵਿੱਚ ਡਟੇ ਰਹੇ ਹਨ। ਲੋਕਾਂ ਦੀਆਂ ਮੁਸ਼ਕਿਲਾਂ ਨੂੰ ਪ੍ਰਸ਼ਾਸਨ ਤੱਕ ਪਹੁੰਚਾਉਣ ਅਤੇ ਉਨ੍ਹਾਂ ਦਾ ਹੱਲ ਕਰਵਾਉਣ ਲਈ ਉਨ੍ਹਾਂ ਹਮੇਸ਼ਾ ਮੋਹਰੀ ਭੂਮਿਕਾ ਨਿਭਾਈ ਹੈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ ਕਿ ਮਈਆ ਭਗਵਾਨ ਦੇ ਡੇਰੇ ਅੱਗੇ ਪਿਛਲੇ 4 ਸਾਲਾਂ ਤੋਂ ਖੜ੍ਹੇ ਗੰਦੇ ਪਾਣੀ ਦੇ ਨਿਕਾਸ ਦੀ ਗੰਭੀਰ ਸਮੱਸਿਆ, ਜਿਸ ਕਾਰਨ ਇਲ-



ਾਕਾ ਨਿਵਾਸੀ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਸਨ, ਦੇ ਹੱਲ ਲਈ ਸੁਨੀਤਾ ਜੀ ਨੇ ਅਣਥੱਕ ਸੰਘਰਸ਼ ਕੀਤਾ। ਪ੍ਰਸ਼ਾਸਨਿਕ ਅਧਿਕਾਰੀਆਂ ਦੀ ਨਾਕਾਮੀ ਖਿਲਾਫ਼ ਆਵਾਜ਼ ਬੁਲੰਦ ਕਰਦਿਆਂ ਉਨ੍ਹਾਂ ਇਸ ਮਸਲੇ ਨੂੰ ਹੱਲ ਕਰਵਾਉਣ ਲਈ ਦਿਨ-ਰਾਤ ਇੱਕ ਕੀਤਾ, ਜੋ ਕਿ ਉਨ੍ਹਾਂ ਦੀ ਲੋਕ-ਪੱਖੀ ਸੋਚ ਦਾ ਪ੍ਰਤੱਖ ਪ੍ਰਮਾਣ ਹੈ। ਉਮੀਦਵਾਰ ਸੁਨੀਤਾ ਜੀ ਨੇ ਵਾਰਡ ਨਿਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ, "ਮੇਰਾ ਮਕਸਦ ਸਿਰਫ਼ ਚੋਣ ਲੜਨਾ ਨਹੀਂ, ਬਲਕਿ ਵਾਰਡ ਦੇ ਹਰ ਨਾਗਰਿਕ ਦੇ ਹੱਕਾਂ ਦੀ ਰਾਖੀ ਕਰਨਾ ਹੈ। ਮੈਂ ਪਹਿਲਾਂ ਵੀ ਹਮੇਸ਼ਾ ਤੁਹਾਡੇ ਦੁੱਖ-ਸੁੱਖ ਵਿੱਚ ਅੱਗੇ ਹੋ ਕੇ ਖੜ੍ਹੀ ਹਾਂ ਅਤੇ ਭਵਿੱਖ ਵਿੱਚ ਵੀ ਤੁਹਾਡੀ ਸੇਵਾ ਲਈ ਮੇਰੇ ਦਰਵਾਜ਼ੇ 24 ਘੰਟੇ ਖੁੱਲ੍ਹੇ ਰਹਿਣਗੇ। ਆਪਣੇ ਵਿਕਾਸ ਦੇ ਏਜੰਡੇ ਬਾਰੇ ਦੱਸਦਿਆਂ ਸੁਨੀਤਾ ਜੀ ਨੇ ਭਵਿੱਖੀ ਯੋਜਨਾਵਾਂ ਦਾ ਜ਼ਿਕਰ ਕੀਤਾ ।ਪੀਣ ਵਾਲੇ ਸਾਫ਼ ਪਾਣੀ ਅਤੇ ਸੀਵਰੇਜ ਸਿਸਟਮ ਦਾ ਪੱਕਾ ਹੱਲ ਕੀਤਾ ਜਾਵੇਗਾ ਵਾਰਡ ਵਿੱਚ ਪਾਣੀ ਦੀ ਨਿਕਾਸੀ ਦੇ ਪ੍ਰਬੰਧਾਂ ਨੂੰ ਆਧੁਨਿਕ ਤਰੀਕੇ ਨਾਲ ਸੁਧਾਰਿਆ ਜਾਵੇਗਾ ਤਾਂ ਜੋ ਮੁੜ ਕਦੇ ਗੰਦਾ ਪਾਣੀ ਸੜਕਾਂ 'ਤੇ ਨਾ ਖੜ੍ਹੇ। ਗਲੀਆਂ-ਨਵਾਰਡ ਦੀਆਂ ਸਮੁੱਚੀਆਂ ਗਲੀਆਂ ਨੂੰ ਪੱਕਾ ਕਰਨਾ ਅਤੇ ਰਾਤ ਦੀ ਸੁਰੱਖਿਆ ਲਈ ਹਰ ਨੁੱਕਰ 'ਤੇ ਸਟਰੀਟ ਲਾਈਟਾਂ ਲਗਵਾਉਣਾ। ਬੱਚਿਆਂ ਅਤੇ ਮਹਿਲਾਵਾਂ ਦੀ ਸਿਹਤ ਦੇ ਮੱਦੇਨਜ਼ਰ ਵਾਰਡ ਵਿੱਚ ਬੁਨਿਆਦੀ ਸਹੂਲਤਾਂ ਦਾ ਵਿਸਥਾਰ ਕਰਨਾ। ਵਾਰਡ ਨੂੰ ਕੂੜਾ-ਮੁਕਤ ਅਤੇ ਹਰਾ-ਭਰਾ ਬਣਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ। ਮੀਟਿੰਗ ਦੇ ਅਖੀਰ ਵਿੱਚ ਵਾਰਡ ਨਿਵਾਸੀਆਂ ਨੇ ਵਿਸ਼ਵਾਸ ਦਿਵਾਇਆ ਕਿ ਉਹ ਇਸ ਵਾਰ ਇੱਕ ਇਮਾਨਦਾਰ, ਸੰਘਰਸ਼ਸ਼ੀਲ ਅਤੇ ਹਮੇਸ਼ਾ ਸਾਥ ਨਿਭਾਉਣ ਵਾਲੀ ਉਮੀਦਵਾਰ ਸੁਨੀਤਾ ਜੀ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਕਾਮਯਾਬ ਕਰਨਗੇ।

# ਚੰਦੜ੍ਹ ਗੋਤ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਦਾ ਪੋਸਟਰ ਜਾਰੀ ਕੀਤਾ

**ਫਿਲੌਰ/ਅੱਪਰਾ, 24 ਮਈ (ਦੀਪਾ)**-ਧੰਨ ਧੰਨ ਬਾਬਾ ਕੰਨੀਆਂ ਜੀ, ਧੰਨ ਧੰਨ ਬਾਬਾ ਮੱਲੂ ਰਾਮ ਜੀ ਅਤੇ ਮਾਤਾ ਸਤੀ ਜੀ ਚੰਦੜ੍ਹ ਗੋਤ ਜਠੇਰਿਆਂ ਦੀ ਪ੍ਰਬੰਧਕ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਚੰਦੜ੍ਹ ਗੋਤ ਜਠੇਰਿਆਂ ਸਾਲਾਨਾ ਜੋੜ ਮੇਲਾ 02 ਜੂਨ ਦਿਨ ਮੰਗਲਵਾਰ ਨੂੰ ਸਮੂਹ ਚੰਦੜ੍ਹ ਪਰਿਵਾਰ ਤੇ ਐੱਨ. ਆਰ. ਆਈਜ਼. ਵੀਰਾਂ ਦੇ ਸਹਿਯੋਗ ਨਾਲ ਪਿੰਡ ਪੱਦੀ ਜਗੀਰ ਵਿਖੇ ਬੜੀ ਸ਼ਰਧਾ ਪੂਰਵਕ ਨਾਲ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੁਖਵਿੰਦਰ ਰਾਮ ਨੇ ਦੱਸਿਆ ਕਿ ਸਮੇਂ ਸਵੇਰੇ 10 ਵਜੇ ਨਿਸ਼ਾਨ ਸਾਹਿਬ ਚੜਾਉਣ ਦੀ ਰਸਮ ਅਦਾ ਕੀਤੀ ਗਈ, ਉਪਰੰਤ ਸਟੇਜ ਦੀ ਕਾਰਵਾਈ ਸ਼ੁਰੂ ਕੀਤੀ ਗਈ, ਜਿਸ ਪੰਜਾਬ ਦੇ ਨਾਮਵਾਰਕ ਕਲਾਕਾਰ ਜਠੇਰਿਆਂ ਦੀ ਮਹਿਮਾਂ ਦਾ ਗੁਣਗਾਨ ਕਰਕੇ ਆਇਆ ਸੰਗਤਾਂ ਨੂੰ ਨਿਹਾਲ ਕਰਨਗੇ। ਮੇਲੇ ਦੁਰਾਨ ਸਵੇਰ ਤੋਂ ਚਾਹ ਅਤੇ ਠੰਡੇ ਮਿੱਠੇ ਜਲ ਦੀਆਂ



ਛਬੀਲਾਂ ਤੇ ਬਾਅਦ ਦੁਪਿਹਰ ਗੂਰੂ ਕਾ ਲੰਗਰ ਵਰਤਾਇਆ ਜਾਵੇਗਾ। ਇਸ ਮੌਕੇ ਪ੍ਰਧਾਨ ਦੇਵ ਰਾਮ ਕਮਾਲਪੁਰ, ਸੀਨੀਅਰ ਮੀਤ ਪ੍ਰਧਾਨ ਚੌਧਰੀ ਮਨੋਹਰ ਲਾਲ, ਸੀਨੀਅਰ ਮੀਤ ਪ੍ਰਧਾਨ ਤਾਰਾ ਰਾਮ ਪੱਦੀ ਜਗੀਰ, ਸਕੱਤਰ ਸੁਰਿੰਦਰਪਾਲ ਕੁੱਕੂ, ਖਜਾਨਚੀ ਸੁਖਵਿੰਦਰ ਰਾਮ, ਦਲੀਪ ਚੰਦੜ੍ਹ, ਜਗਦੀਸ਼ ਰਾਮ, ਮਹਿੰਦਰ ਪਾਲ, ਭੁਪਿੰਦਰ ਸਿੰਘ ਪੱਦੀ ਜਗੀਰ, ਸੁਰਿੰਦਰ ਲੁਘਾ, ਮਹਿੰਦਰ ਪਾਲ, ਬੂਟਾ ਰਾਮ, ਅਜੇ ਕੁਮਾਰ, ਹਰਬੰਸ ਲਾਲ, ਮੱਖਣ ਲਾਲ ਤੋਂ ਇਲਾਵਾਂ ਭਾਰੀ ਗਿਣਤੀ ਵਿੱਚ ਸੰਗਤਾਂ ਆਦਿ ਹਾਜ਼ਰ ਸਨ।

# ਅੱਡਾ ਦੁਸਾਂਝ ਕਲਾਂ ਵਿਖੇ ਕੇਂਦਰ ਸਰਕਾਰ ਦੇ ਖ਼ਿਲਾਫ਼ ਕੀਤਾ ਰੋਸ ਪ੍ਰਦਰਸ਼ਨ

**ਫਿਲੌਰ/ਅੱਪਰਾ,24 ਮਈ (ਦੀਪਾ)--** ਆਰ . ਐੱਮ . ਪੀ .ਆਈ ਅਤੇ ਸੀ. ਪੀ. ਆਈ. ਐੱਮ. ਨਵਰੇਸ਼ਮ ਵਲੋਂ ਪੂਰੇ ਭਾਰਤ ਵਿਚ ਕੇਂਦਰ ਸਰਕਾਰ ਅਤੇ ਵੱਖ-ਵੱਖ ਸੂਬਿਆਂ ਵਿਚ ਕੇਂਦਰ ਦੀ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ ਦਾ ਸੱਦਾ ਦਿੱਤਾ ਗਿਆ ਸੀ ਉਸ ਦੇ ਮੱਦੇਨਜ਼ਰ ਆਰ .ਐਮ . ਪੀ .ਆਈ ਅਤੇ ਸੀ. ਪੀ. ਆਈ ਅਤੇ ਬੀ. ਐਸ. ਪੀ. ਯੂਨਿਟਾਂ ਵਲੋਂ ਅੱਡਾ ਦੁਸਾਂਝ ਕਲਾਂ ਵਿਖੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੇ ਖਿਲਾਫ ਦਿਨੋਂ-ਦਿਨ ਵੱਧ ਰਹੀ ਮਹਿਗਾਈ ਦੇ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਦੇ ਹੋਏ ਜਮਕੇ ਨਾਹਰੇਬਾਜੀ ਕੀਤੀ ਗਈ। ਇਸ ਸਮੇ ਆਰ. ਐੱਮ. ਪੀ. ਆਈ ਦੇ ਸੂਬਾ ਕਮੇਟੀ ਮੈਂਬਰ ਪਰਮਜੀਤ ਸਿੰਘ ਰੰਧਾਵਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਨੂੰ ਫ਼ਾਇਦਾ ਦੇਣ ਲਈ ਸਰਕਾਰੀ ਸਾਰਾ ਤੰਤਰ ਇਨ੍ਹਾਂ ਦੇ ਹਵਾਲੇ ਕਰ ਦਿੱਤਾ ਹੈ ਜਿਸ ਕਰਕੇ ਮਹਿੰਗਾਈ ਦਿਨੋਂ-ਦਿਨ ਅਸਮਾਨ ਨੂੰ ਛੂਹ ਰਹੀ ਹੈ। ਜਿਸ ਕਰਕੇ ਗਰੀਬ ਲੋਕਾਂ ਦਾ ਜੀਣਾ ਮੁਸ਼ਿਕਲ ਹੋਇਆ ਹੈ, ਜਿਵੇਂ ਕਿ ਪਟਰੋਲ, ਡੀਜ਼ਲ, ਰਸੋਈ ਗੈਸ ਦੇ ਰੇਟ ਵੱਧਣ ਕਾਰਣ ਮਹਿੰਗਾਈ ਅਸਮਾਨ ਨੂੰ ਛੂਹ ਰਹੀ ਹੈ। ਗਰੀਬ ਲੋਕਾਂ ਦਾ ਰੋਟੀ ਖਾਣਾਂ ਵੀ ਮੁਸ਼ਿਕਲ ਹੋਇਆ ਹੈ। ਸਰਕਾਰ ਹੱਥ ਤੇ ਹੱਥ ਧਰ ਕੇ ਸੁੱਤੀ ਪਈ ਹੈ। ਇਸ ਮੌਕੇ ਪਰਮਜੀਤ ਰੰਧਾਵਾ, ਸਾਬਕਾ



ਪੰਚ ਰਾਮ ਨਾਥ, ਸਰਪੰਚ ਨਿਰਮਲ ਕੁਮਾਰ ਨਵੀਂ, ਬਲਵਿੰਦਰ ਸਿੰਘ, ਸੁੱਖ ਰਾਮ ਦੁਸਾਂਝ, ਦੀਪ ਰਾਏ, ਹਰਮੇਸ਼ ਵਿਰਦੀ, ਰੇਸਮ ਲਾਲ, ਕੁਲਦੀਪ ਸਿੰਘ, ਜੋਗਿੰਦਰ ਲੇਹਲ, ਪ੍ਰਵੀਨ ਭੁੱਟਾ, ਮਲਕੀਤ ਚੰਦੜ੍ਹ, ਸੁੱਚਾ ਸਿੰਘ, ਤਰਸੇਮ ਲਾਲ, ਪ੍ਰਸ਼ੋਤਮ ਲਾਲ, ਬਲਵੀਰ ਚੰਦ, ਬਾਵਾ ਰਾਮ ਤੋਂ ਇਲਾਵਾਂ ਇਲਾਕੇ ਭਰ ਤੋਂ ਜੁਝਾਰੂ ਸਾਥੀ ਆਦਿ ਹਾਜ਼ਰ ਸਨ।

# ਸੀ ਐਚ ਸੀ ਅੱਪਰਾ ਵਿਖੇ ਨੈਸ਼ਨਲ ਡੇਂਗੂ ਦਿਵਸ ਮਨਾਇਆ



**ਫਿਲੌਰ/ਅੱਪਰਾ,24 ਮਈ (ਦੀਪਾ)**-ਸਿਵਲ ਸਰਜਨ ਜਲੰਧਰ ਅਤੇ ਐਪੀਡੀਮੋਲੋਜਿਸਟ ਡਾਕਟਰ ਅਦਿੱਤਿਆ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ, ਐਸ ਐਮ ਓ ਡਾਕਟਰ ਕਿਰਨ ਕੌਸ਼ਲ ਸੀ ਐਚ ਸੀ ਅੱਪਰਾ ਦੀ ਅਗਵਾਈ ਵਿੱਚ ਨੈਸ਼ਨਲ ਡੇਂਗੂ ਦਿਵਸ ਮਨਾਇਆ ਗਿਆ ਜਿਸ ਦੌਰਾਨ ਜਸਪਾਲ ਸੰਧੂ ਦੇ ਸਹਿਯੋਗ ਨਾਲ਼ , ਗੁਰਨੇਕ ਲਾਲ ਹੈਲਥ ਸੁਪਰਵਾਈਜਰ ਨੇ ਆਪਣੀ ਸਟਾਫ ਟੀਮ ਨੂੰ ਨਾਲ ਲੈ ਕੇ ਪਿੰਡ ਅੱਪਰਾ ਦੇ ਸਰਕਾਰੀ ਹਾਈ ਸਕੂਲ ਅਤੇ ਨਿੱਜੀ ਸਕੂਲਾਂ ਵਿੱਚ ਵਿਜ਼ਟ ਕੀਤੀ ਗਈ। ਅਧਿਆਪਕ ਅਤੇ ਬੱਚਿਆਂ ਨੂੰ ਡੇਂਗੂ, ਮਲੇਰੀਆ, ਚਿਕਨ ਗੁਨੀਆ ਬੁਖਾਰ ਅਤੇ ਮੌਸਮੀ ਬਿਮਾਰੀਆਂ ਦੇ ਕਾਰਨ, ਲੱਛਣ ਅਤੇ ਬਚਾਅ ਸਬੰਧੀ ਜਾਣਕਾਰੀ ਦਿੱਤੀ। ਅਤੇ ਕਿਹਾ ਕਿ ਇਹ ਬੁਖਾਰ ਫੈਲਾਉਣ ਵਾਲਾ ਮੱਛਰ ਸਾਫ ਤੇ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ । ਆਪਣੇ ਘਰਾਂ ਵਿੱਚ ਅਤੇ ਘਰਾਂ ਦੇ ਆਲ਼ੇ ਦੁਆਲ਼ੇ ਪਾਣੀ ਨਹੀਂ ਖੜ੍ਹਾ ਹੋਣ ਦੇਣਾ ਚਾਹੀਦਾ। ਕੋਈ ਵੀ ਬੁਖ਼ਾਰ ਹੋਵੇ, ਡਾਕਟਰ ਦੀ ਸਲਾਹ ਤੋਂ ਬਿਨਾਂ ਕੋਈ ਦਵਾਈ ਨਹੀਂ ਖਾਣੀ ਚਾਹੀਦੀ। ਇਸ ਤੋਂ ਇਲਾਵਾ ਉਨ੍ਹਾਂ ਨੂੰ ਠੰਢ ਤੋਂ ਬਚਣ ਲਈ ਕਿਹਾ, ਸਾਫ ਸੁੱਥਰਾ ਤੇ ਸੰਤੁਲਿਤ ਭੋਜਨ ਖਾਣ ਲਈ ਕਿਹਾ । ਅਣ ਢੱਕੀਆਂ ਬਾਹਲੀਆਂ ਚੀਜਾਂ ਨਹੀਂ ਖਾਣੀਆਂ ਚਾਹੀਦੀਆਂ। ਇਸ ਮੌਕੇ ਅਮਰਜੀਤ ਕੌਰ ਐਲ ਐਚ ਵੀ, ਰਾਜਬੀਰ ਫੈਸਿਲਿਟੇਟਰ , ਪਰਮਿੰਦਰ ਕੌਰ ਸ਼ਸ਼ੀ ਆਸ਼ਾ , ਮਨਦੀਪ ਸਿੰਘ, ਹਰਜੀਤ ਸਿੰਘ, ਸ਼ਰਨਜੀਤ ਸਿੰਘ, ਅਰਵਿੰਦਰ ਸਿੰਘ, ਨੈਂਸੀ ਰਾਣੀ, ਨੀਰੂ ਬਾਲਾ, ਗੁਰਨਾਮ ਅਤੇ ਪੰਚਾਇਤ ਮੈਂਬਰ ਆਦਿ ਵੀ ਸ਼ਾਮਿਲ ਹੋਏ। ਕੂਲਰ , ਫਰਿੱਜ ਦੀਆਂ ਟਰੇਆਂ, ਗ਼ਮਲੇ, ਕੰਟੇਨਰ, ਟਾਇਰਾਂ ਆਦਿ ਵਿੱਚ ਲਾਰਵਾ ਚੈੱਕ ਕੀਤਾ ਗਿਆ ਅਤੇ ਨਾਲ ਨਾਲ ਜਾਣਕਾਰੀ ਵਾਲੇ ਪੈਂਫਲਿਟ ਵੀ ਵੰਡੇ।

# ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਤੀਜੀ ਵਾਰ ਵਾਧੇ ਕਾਰਨ ਲੋਕਾਂ ਦੀਆਂ ਜੇਬਾਂ ਤੇ ਪਿਆ ਡਾਕਾ: ਜਥੇਦਾਰ ਸੁਰਜੀਤ ਸਿੰਘ ਦੋਭਾਲੀ





**ਨਵਾਂਸ਼ਹਿਰ /ਕਾਠਗੜ੍ਹ 24 ਮਈ (ਜਤਿੰਦਰ ਪਾਲ ਸਿੰਘ ਕਲੇਰ )** ਦੇਸ਼ ਭਰ ਵਿੱਚ ਲਗਾਤਾਰ ਵੱਧ ਰਹੀ ਮਹਿੰਗਾਈ ਦੇ ਵਿਚਕਾਰ, ਆਮ ਜਨਤਾ ਨੂੰ ਇੱਕ ਹੋਰ ਵੱਡਾ ਝਟਕਾ ਲੱਗਿਆ ਹੈ। ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਸਿਰਫ਼ 10 ਦਿਨਾਂ ਵਿੱਚ ਤੀਜੀ ਵਾਰ ਵਾਧਾ ਕੀਤਾ ਗਿਆ ਹੈ। 15 ਮਈ ਤੋਂ 23 ਮਈ, 2026 ਦੇ ਵਿਚਕਾਰ, ਪੈਟਰੋਲ ਲਗਭਗ 4.77 ਪ੍ਰਤੀ ਲੀਟਰ ਅਤੇ ਡੀਜ਼ਲ ਲਗਭਗ 4.81 ਪ੍ਰਤੀ ਲੀਟਰ ਮਹਿੰਗਾ ਹੋ ਗਿਆ ਹੈ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਜਥੇਦਾਰ ਸੁਰਜੀਤ ਸਿੰਘ ਦੋਭਾਲੀ ਨੇ ਕਿਹਾ ਕਿ ਲਗਾਤਾਰ ਵਧਦੀਆਂ ਕੀਮਤਾਂ ਨੇ ਆਮ ਆਦਮੀ ਤੋਂ ਲੈ ਕੇ ਟਰਾਂਸਪੋਰਟ ਸੈਕਟਰ ਤੱਕ ਸਾਰਿਆਂ ਲਈ ਚਿੰਤਾਵਾਂ ਵਧਾ ਦਿੱਤੀਆਂ ਹਨ।ਕੀਮਤਾਂ ਤਿੰਨ ਪੜਾਵਾਂ ਵਿੱਚ ਵਧੀਆਂ ਪਹਿਲਾ ਵੱਡਾ ਵਾਧਾ 15 ਮਈ ਨੂੰ ਹੋਇਆ, ਜਦੋਂ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਲਗਭਗ 3 ਪ੍ਰਤੀ ਲੀਟਰ ਦਾ ਵਾਧਾ ਕੀਤਾ ਗਿਆ।

ਇਸ ਤੋਂ ਬਾਅਦ 19 ਮਈ ਨੂੰ ਲਗਭਗ 90 ਪੈਸੇ ਪ੍ਰਤੀ ਲੀਟਰ ਦਾ ਇੱਕ ਹੋਰ ਵਾਧਾ ਕੀਤਾ ਗਿਆ। ਲੋਕ ਕੁਝ ਰਾਹਤ ਦੀ ਉਮੀਦ ਕਰ ਰਹੇ ਸਨ, ਪਰ 23 ਮਈ ਨੂੰ, ਤੇਲ ਕੰਪਨੀਆਂ ਨੇ ਫਿਰ ਕੀਮਤਾਂ ਵਧਾ ਦਿੱਤੀਆਂ। ਨਵੀਆਂ ਦਰਾਂ ਦੇ ਤਹਿਤ, ਪੈਟਰੋਲ 87 ਪੈਸੇ ਅਤੇ ਡੀਜ਼ਲ 91 ਪੈਸੇ ਪ੍ਰਤੀ ਲੀਟਰ ਮਹਿੰਗਾ ਹੋ ਗਿਆ। ਪੈਟਰੋਲ 100 ਰੁਪਏ ਤੋਂ ਪਾਰ ਤਾਜ਼ਾ ਕੀਮਤਾਂ ਵਿੱਚ ਵਾਧੇ ਤੋਂ ਬਾਅਦ, ਕਈ ਸ਼ਹਿਰਾਂ ਵਿੱਚ ਪੈਟਰੋਲ ਦੀ ਕੀਮਤ 100 ਰੁਪਏ ਪ੍ਰਤੀ ਲੀਟਰ ਤੋਂ ਪਾਰ ਹੋ ਗਈ ਹੈ। ਪੰਜਾਬ ਵਿੱਚ,ਪੈਟਰੋਲ ਦੀਆਂ ਕੀਮਤਾਂ 100.71 ਰੁਪਏ ਪ੍ਰਤੀ ਲੀਟਰ ਤੱਕ ਪਹੁੰਚ ਗਈਆਂ, ਜਦੋਂ ਕਿ ਡੀਜ਼ਲ 93 ਰੁਪਏ ਪ੍ਰਤੀ ਲੀਟਰ ਦੇ ਆਸ-ਪਾਸ ਪਹੁੰਚ ਗਿਆ। ਇਹਨਾਂ ਲਗਾਤਾਰ ਵਧਦੀਆਂ ਕੀਮਤਾਂ ਨੇ ਮੱਧ ਅਤੇ ਹੇਠਲੇ ਵਰਗ ਦੇ ਪਰਿਵਾਰਾਂ ਦੀਆਂ ਵਿੱਤੀ ਮੁਸ਼ਕਲਾਂ ਨੂੰ ਵਧਾ ਦਿੱਤਾ ਹੈ।ਜੋ ਕਿ ਆਮ ਲੋਕਾਂ ਦੀ ਜੇਬ ਤੇ ਸਿੱਧਾ ਡਾਕਾ ਹੈ । ਪਰ ਲੋਕਾਂ ਨੇ ਸਰਕਾਰ ਤੋਂ ਰਾਹਤ ਦੀ ਮੰਗ ਲਗਾਤਾਰ ਵਧਦੀਆਂ ਕੀਮਤਾਂ ਦੇ ਵਿਚਕਾਰ, ਜਨਤਾ ਨੇ ਸਰਕਾਰ ਤੋਂ ਰਾਹਤ ਦੀ ਮੰਗ ਤੇਜ਼ ਕਰ ਦਿੱਤੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਸਰਕਾਰ ਨੂੰ ਜਨਤਾ ਨੂੰ ਰਾਹਤ ਪ੍ਰਦਾਨ ਕਰਨ ਲਈ ਟੈਕਸ ਕਟੌਤੀਆਂ ਜਾਂ ਹੋਰ ਨੀਤੀਗਤ ਫੈਸਲਿਆਂ ਰਾਹੀਂ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਨੂੰ ਕੰਟਰੋਲ ਕਰਨਾ ਚਾਹੀਦਾ ਹੈ।

# 15 ਸਾਲਾਂ ਬਾਅਦ ਮੋਂਕਟਨ ਦੀ ਸੰਸਥਾ ਨੇ ਖੋਲ੍ਹਿਆ ਆਪਣਾ ਮੁਫ਼ਤ ਕੱਪੜਿਆਂ ਦਾ ਸਟੋਰ

**ਵੈਨਕੂਵਰ, 23 ਮਈ (ਮਲਕੀਤ ਸਿੰਘ)** – ਕੈਨੇਡਾ ਦੇ ਨਿਊ ਬ੍ਰੰਜ਼ਵਿਕ ਸੂਬੇ ਦੇ ਮੋਂਕਟਨ ਸ਼ਹਿਰ ਵਿੱਚ ਬੱਚਿਆਂ ਅਤੇ ਪਰਿਵਾਰਾਂ ਦੀ ਮਦਦ ਕਰਨ ਵਾਲੀ ਇੱਕ ਗੈਰ-ਮੁਨਾਫ਼ਾ ਸੰਸਥਾ ਨੇ 15 ਸਾਲਾਂ ਤੱਕ ਅਸਥਾਈ ਥਾਵਾਂ ਤੋਂ ਸੇਵਾ ਦੇਣ ਮਗਰੋਂ ਹੁਣ ਆਪਣਾ ਪੱਕਾ ਮੁਫ਼ਤ ਕੱਪੜਿਆਂ ਦਾ ਸਟੋਰ ਖੋਲ੍ਹ ਲਿਆ ਹੈ। ਇਸ ਉਪਰਾਲੇ ਨੂੰ ਸਥਾਨਕ ਭਾਈਚਾਰੇ ਵੱਲੋਂ ਵੱਡਾ ਸਮਰਥਨ ਮਿਲ ਰਿਹਾ ਹੈ। ਜਾਣਕਾਰੀ ਅਨੁਸਾਰ 'ਵਟ ਕਿਡਜ਼ ਨੀਡ ਮੋਂਕਟਨ' ਨਾਮੀ ਇਹ ਸੰਸਥਾ ਬੱਚਿਆਂ ਅਤੇ ਲੋੜਵੰਦ ਪਰਿਵਾਰਾਂ ਲਈ ਮੁਫ਼ਤ ਕੱਪੜੇ ਮੁਹੱਈਆ ਕਰਵਾ ਰਹੀ ਹੈ। ਸਟੋਰ ਦੇ ਖੁੱਲ੍ਹਣ ਦੇ ਪਹਿਲੇ ਹੀ ਹਫ਼ਤੇ ਦੌਰਾਨ 300 ਤੋਂ ਵੱਧ



'ਵਟ ਕਿਡਜ਼ ਨੀਡ' ਸੰਸਥਾ ਦੇ ਸਟੋਰ 'ਚ ਮੌਜੂਦ ਇੱਕ ਵਰਕਰ

ਲੋਕਾਂ ਨੇ ਇੱਥੋਂ ਸਹਾਇਤਾ ਪ੍ਰਾਪਤ ਕੀਤੀ। ਸੰਸਥਾ ਨਾਲ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਇਸ ਸਟੋਰ ਦਾ ਮਕਸਦ ਉਹਨਾਂ ਪਰਿਵਾਰਾਂ ਦੀ ਮਦਦ ਕਰਨਾ ਹੈ ਜਿਨ੍ਹਾਂ ਲਈ ਬੱਚਿਆਂ ਲਈ ਕੱਪੜੇ ਅਤੇ ਹੋਰ ਲੋੜੀਂਦਾ ਸਮਾਨ ਖਰੀਦਣਾ ਮੁਸ਼ਕਲ ਹੋ ਜਾਂਦਾ ਹੈ। ਸਥਾਈ ਸਟੋਰ ਖੁੱਲ੍ਹਣ ਨਾਲ ਹੁਣ ਲੋੜਵੰਦ ਪਰਿਵਾਰ ਹੋਰ ਆਸਾਨੀ ਨਾਲ ਸੇਵਾਵਾਂ ਲੈ ਸਕਣਗੇ। ਸਥਾਨਕ ਵਸਨੀਕਾਂ ਨੇ ਵੀ ਇਸ ਯਤਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਉਪਰਾਲੇ ਭਾਈਚਾਰੇ ਨੂੰ ਹੋਰ ਮਜ਼ਬੂਤ ਬਣਾਉਂਦੇ ਹਨ ਅਤੇ ਲੋੜਵੰਦ ਲੋਕਾਂ ਲਈ ਵੱਡਾ ਸਹਾਰਾ ਸਾਬਤ ਹੁੰਦੇ ਹਨ।


# ਹੁਣ ਕਿਰਪਾਨ ਸਮੇਤ ਪ੍ਰੀਖਿਆ ਕੇਂਦਰ 'ਚ ਜਾ ਸਕੇਗਾ ਅੰਮ੍ਰਿਤਧਾਰੀ ਨੌਜਵਾਨ

**ਵੈਨਕੂਵਰ, ਮਈ (ਮਲਕੀਤ ਸਿੰਘ)**–ਕੈਨੇਡਾ ਦੇ ਵਿੰਨੀਪੈਗ ਸ਼ਹਿਰ ਵਿਚ ਹੁਣ ਅੰਮ੍ਰਿਤਧਾਰੀ ਨੌਜਵਾਨਾਂ ਨੂੰ ਭਰਤੀ ਪ੍ਰੀਖਿਆ ਦੌਰਾਨ ਕ੍ਰਿਪਾਨ ਲਾਹੁਣ ਲਈ ਮਜਬੂਰ ਨਹੀਂ ਕੀਤਾ ਜਾਵੇਗਾ ਜ਼ਿਕਰਯੋਗ ਹੈ ਕਿ ਵਿੰਨੀਪੈਗ ਪੁਲਿਸ ਵੱਲੋਂ ਪਿਛਲੇ ਹਫਤੇ ਜਸਪਾਲ ਸਿੰਘ ਨਾ ਦੇ ਅੰਮ੍ਰਿਤਧਾਰੀ ਨੌਜਵਾਨ ਨੂੰ ਕਿਰਪਾਨ ਪਹਿਨ ਕੇ ਪੁਲਿਸ ਦੀ ਭਰਤੀ ਦੀ ਪ੍ਰੀਖਿਆ ਚ ਬੈਠਣ ਤੇ ਇਤਰਾਜ ਕੀਤਾ ਗਿਆ ਸੀ ਜਿਸ ਮਗਰੋਂ ਜਸਪਾਲ ਸਿੰਘ ਵੱਲੋਂ ਪ੍ਰੀਖਿਆ ਨਾ ਦੇਣ ਦਾ ਫੈਸਲਾ ਕੀਤਾ ਗਿਆ ਸੀ। ਜਿਸ ਮਗਰੋਂ ਮੀਡੀਆ ਚ ਛਿੜੀ ਚਰਚਾ ਦੌਰਾਨ ਵਿੰਨੀਪੈਗ ਪੁਲਿਸ ਲਗਾਤਾਰ ਨਿਸ਼ਾਨੇ 'ਤੇ ਸੀ ਇਸ ਸਬੰਧੀ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵੱਲੋਂ ਵਿਨੀਪੈਗ ਪੁਲੀਸ ਨੂੰ ਭੇਜੇ ਗਏ ਇੱਕ ਲੀਗਲ ਨੋਟਿਸ ਰਾਹੀਂ ਦੱਸਿਆ ਗਿਆ ਸੀ ਕਿ ਕ੍ਰਿਪਾਨ ਕੋਈ ਹਥਿਆਰ ਨਹੀਂ ਹੈ ਅਤੇ ਕੈਨੇਡੀਅਨ ਕਾਨੂੰਨ ਅਧੀਨ ਧਾਰਮਿਕ ਚਿੰਨ੍ਹ ਮੰਨਿਆ ਗਿਆ ਹੈ ਨੋਟਿਸ ਵਿੱਚ ਇਹ ਵੀ ਦੱਸਿਆ ਗਿਆ ਸੀ ਕਿ ਕਨੇਡੀਅਨ ਪੁਲਿਸ ਸਰਵਿ-ਸਿਜ਼ ਵਿਚ ਕਈ ਅੰਮ੍ਰਿਤਧਾਰੀ ਅਫ਼ਸਰ ਕੰਮ ਕਰ ਰਹੇ ਹਨ ਇਸ ਸਮੁੱਚੇ ਘਟਨਕਰਮ ਮਗਰੋਂ ਹੁਣ ਵਿੰਨੀਪੈਗ ਪੁਲਿਸ ਦਾ ਸਟੈਂਡ ਬਦਲਿਆ ਨਜ਼ਰ ਆ ਰਿਹਾ ਹੈ ਵਰਨਣਯੋਗ ਹੈ ਕਿ ਕੈਨੇਡਾ ਦੀ ਸੁਪਰੀਮ ਕੋਰਟ ਵੱਲੋਂ 2006 ਵਿਚ ਸੁਣਾਇਆ ਇਤਿਹਾਸਕ ਫ਼ੈਸਲਾ ਬਿਲਕੁਲ ਸਪੱਸ਼ਟ ਹੈ ਕਿ ਸਿੱਖਾਂ ਨੂੰ ਕ੍ਰਿਪਾਨ ਧਾਰਨ ਕਰਨ ਤੋਂ ਰੋਕਣਾ ਧਾਰਮਿਕ ਆਜ਼ਾਦੀ ਦੀ ਉਲੰਘਣਾ ਹੋਵੇਗਾ। ਸੁਪਰੀਮ ਕੋਰਟ ਨੇ ਆਪਣੇ ਫ਼ੈਸਲੇ ਵਿਚ ਇਹ ਵੀ ਕਿਹਾ ਹੈ ਕਿ ਕ੍ਰਿਪਾਨ ਕੋਈ ਹਥਿਆਰ ਨਹੀਂ ਅਤੇ ਇਕ ਧਾਰਮਿਕ ਚਿੰਨ੍ਹ ਹੈ। ਉਧਰ, ਜਸਪਾਲ ਸਿੰਘ ਨੂੰ ਜਦੋਂ ਵਿੰਨੀਪੈਗ ਪੁਲਿਸ ਦੇ ਤਾਜ਼ਾ ਫ਼ੈਸਲੇ ਬਾਰੇ ਪਤਾ ਲੱਗਾ ਤਾਂ ਉਹ ਬਹੁਤ ਖੁਸ਼ ਹੋਇਆ ਅਤੇ ਉਸ ਵੱਲੋਂ ਦੁਬਾਰਾ ਪੁਲਿਸ ਭਰਤੀ ਦੀ ਲਿਖਤੀ ਪ੍ਰੀਖਿਆ ਵਿਚ ਬੈਠਣ ਦੀ ਤਿਆਰੀ ਆਰੰਭ ਦਿਤੀ ਗਈ ਹੈ।


ਅੰਮ੍ਰਿਤਧਾਰੀ ਨੌਜਵਾਨ ਜਸਪਾਲ ਸਿੰਘ ਦੀ ਇੱਕ ਤਸਵੀਰ

# ਅਦਾਕਾਰ ਧਰਮਿੰਦਰ ਦੇ ਪਿੰਡ ਨਸਰਾਲੀ ਦਾ ਨੌਜਵਾਨ ਕਨੇਡਾ ਚ ਬਣਿਆ ਜੱਜ, ਪੰਜਾਬੀ ਭਾਈਚਾਰੇ ਚ ਖੁਸ਼ੀ ਦੀ ਲਹਿਰ

**ਵੈਨਕੂਵਰ, 24 ਮਈ (ਮਲਕੀਤ ਸਿੰਘ) –** ਮਰਹੂਮ ਬਾਲੀਵੁੱਡ ਅਦਾਕਾਰ ਧਰਮਿੰਦਰ ਦੇ ਪਿੰਡ ਨਸਰਾਲੀ (ਲੁਧਿਆਣਾ) ਨਾਲ ਸੰਬੰਧਿਤ ਪੰਜਾਬੀ ਮੂਲ ਦੇ ਨੌਜਵਾਨ ਵਕੀਲ ਨੇ ਕੈਨੇਡਾ ਵਿੱਚ ਵੱਡੀ ਉਪਲਬਧੀ ਹਾਸਲ ਕਰਦਿਆਂ ਜੱਜ ਬਣ ਕੇ ਪੰਜਾਬੀ ਭਾਈਚਾਰੇ ਦਾ ਨਾਮ ਰੌਸ਼ਨ ਕੀਤਾ ਹੈ। ਵਿਕਰਮਜੀਤ ਔਜਲਾ ਨਾਂ ਦੇ ਇਸ ਹੋਣਹਾਰ ਨੌਜਵਾਨ ਨੂੰ ਓਨਟਾਰੀਓ ਕੋਰਟ ਆਫ ਜਸਟਿਸ ਵਿੱਚ ਜੱਜ ਨਿਯੁਕਤ ਕੀਤਾ ਗਿਆ ਹੈ। ਜਾਣਕਾਰੀ ਮੁਤਾਬਕ ਔਜਲਾ ਪਰਿਵਾਰ ਸਾਲ 1976 ਵਿੱਚ ਪੰਜਾਬ ਤੋਂ ਕੈਨੇਡਾ ਆ ਵੱਸਿਆ ਸੀ। ਵਿਕਰਮਜੀਤ ਔਜਲਾ ਦੀ ਪਰਵਰਿਸ਼ ਅਤੇ ਪੜ੍ਹਾਈ ਵੀ ਕੈਨੇਡਾ ਵਿੱਚ ਹੀ ਹੋਈ। ਕਾਨੂੰਨ ਦੀ ਪੜ੍ਹਾਈ ਪੂਰੀ ਕਰਨ ਮਗਰੋਂ ਉਹ ਲੰਬੇ ਸਮੇਂ ਤੋਂ ਕਾਨੂੰਨੀ ਖੇਤਰ ਵਿੱਚ ਸੇਵਾਵਾਂ ਨਿਭਾ ਰਹੇ ਸਨ। ਉਨ੍ਹਾਂ ਦੀ ਨਿਯੁਕਤੀ ਨੂੰ ਕੈਨੇਡਾ ਵਸਦੇ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਪ੍ਰਾਪਤੀ ਵਜੋਂ ਦੇਖਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਕ੍ਰਾਊਨ ਅਟਾਰਨੀ ਵਜੋਂ ਵੀ ਸੇਵਾ ਨਿਭਾ ਚੁੱਕੇ ਹਨ। ਉਨ੍ਹਾਂ ਦੀ ਇਸ ਨਿਯੁਕਤੀ ਤੋਂ ਬਾਅਦ ਪੰਜਾਬ ਅਤੇ ਕੈਨੇਡਾ ਦੋਵਾਂ ਥਾਵਾਂ 'ਤੇ ਖੁਸ਼ੀ ਦਾ ਮਾਹੌਲ ਹੈ। ਸੋਸ਼ਲ ਮੀਡੀਆ 'ਤੇ ਵੀ ਪੰਜਾਬੀ ਭਾਈਚਾਰੇ ਵੱਲੋਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਕਈ ਲੋਕਾਂ ਨੇ ਇਸਨੂੰ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਦੱਸਿਆ ਹੈ ਕਿ ਮਿਹਨਤ ਅਤੇ ਲਗਨ ਨਾਲ ਵਿਦੇਸ਼ਾਂ ਵਿੱਚ ਵੀ ਵੱਡੇ ਅਹੁਦੇ ਹਾਸਲ ਕੀਤੇ ਜਾ ਸਕਦੇ ਹਨ।


ਵਿਕਰਮਜੀਤ ਔਜਲਾ ਦੀ ਇੱਕ ਤਸਵੀਰ

# ਰੰਗ ਬਿਰੰਗੀ ਚਿੜੀ-ਬੁਲਬੁਲ

ਚਿੜੀਏ ਨੀ ਚਿੜੀਏ, ਕਿੱਥੇ ਹੁਣ ਹੁਨੀ ਏਂ। ਰੰਗ ਬਿਰੰਗੀ ਭਾਅ ਮਾਰਦੀ, ਸਭ ਦਾ ਧਿਆਨ ਖਿੱਚ ਲੈਨੀ ਏਂ। ਥੋੜੀ ਜਿਹੀ ਵੀ ਤਪਸ਼ ਨਾ ਝੱਲੇਂ, ਬੇਹੋਸ਼ ਹੋ ਜਾਨੀ ਐਂ। ਅੱਲਾ ਦਾ ਬੰਦਾ ਕੋਈ, ਤੇਰੇ ਮੂੰਹ ਵਿੱਚ ਪਾਣੀ ਪਾ ਦੇਵੇ, ਝੱਟ ਹੋਸ਼ ਵਿੱਚ ਆ ਜਾਨੀ ਐਂ। ਮਿੱਤਰ ਸਹੇਲੀ ਨਾਲ, ਦੇ ਜਾਂਦੀ ਝਕਾਨੀ ਐਂ। ਦੁਬਾਰਾ ਬੰਦੇ ਦੇ ਸਿਰ ਤੇ ਆ ਕੇ ਬੈਠ, ਧੰਨਵਾਦ ਉਸਦਾ ਕਰ ਜਾਨੀ ਐਂ।ਉਹ ਵੀ ਪਿਆਰ ਨਾਲ ਮੰਨਦਾ, ਤੇਰੀ ਮਿਹਰਬਾਨੀ ਐਂ। ਜੇਠ ਮਹੀਨੇ ਦੀ ਗਰਮੀ ਵਿੱਚ, ਜਾਨਵਰ ਅਕਸਰ ਹੀ ਬੇਹੋਸ਼ ਹੋ ਜਾਂਦੇ ਨੇ। ਧੰਨ ਹਨ ਉਹ ਬੰਦੇ, ਅਪਣੇ ਕੀਮਤੀ ਟਾਈਮ ਵਿੱਚ,ਕਾਰ ਰੋਕ ਕੇ, ਉਨ੍ਹਾਂ ਨੂੰ ਬਚਾਉਂਦੇ ਨੇ। ਇਸ ਤੇਜ ਰਫ਼ਤਾਰੀ ਦੇ ਜਮਾਨੇ ਵਿੱਚ ਵੀ,ਰੱਬ ਨੇ ਪਰਉਪਕਾਰੀ ਬੰਦੇ,ਸੰਤ ਬਣਾਏ।ਅਪਣੇ ਕਰ-ਕਮਲਾਂ ਨਾਲ ਪੁੰਨ ਕਰਵਾਕੇ ਧਰਤੀ ਉੱਤੇ ਸਵਰਗ ਬਸਾਏ। ਲਾਲਚੀ ਬੰਦੇ ਉਲਝੇ ਰਹਿੰਦੇ, ਸੁਰਗਾਂ ਦੇ ਆਨੰਦ ਤੋਂ ਵਾਂਝੇ ਰਹਿੰਦੇ। ਕਮਜ਼ੋਰ ਜਾਨਵਰਾਂ ਦਾ ਰੱਬ ਹੀ ਰਾਖਾ,ਮਾਲਕ ਦੇ ਦਰ ਤੋਂ ਭਿੱਖ ਮੰਗਦੇ ਰਹਿੰਦੇ। ਚਾਰ ਦਿਨ ਦੀ ਜਿੰਦਗੀ,ਕੀੜੇ ਮਕੌੜੇ ਖਾ ਗੁਜ਼ਾਰਾ ਕਰਦੇ, ਮੌਜ ਮਸਤੀਆਂ ਵਿੱਚ ਰਹਿੰਦੇ।ਭਰਿੰਡਾਂ ਵਾਂਗੂੰ ਨਾ ਲੜਨ ਕਿਸੇ ਦੇ, ਸ਼ਾਂਤਮਈ ਜੀਵਨ ਬਸਰ ਕਰਦੇ। ਘੁਲਮਿਲ ਕੇ ਰਹਿਣ ਦਾ ਨਮੂਨਾ ਪੇਸ਼ ਕਰਦੇ। ਸਭ ਰੱਬ ਦੇ ਜੀਅ ਨੇ, ਅੱਜ ਵੀ ਬੋਧੀਆਂ,




ਜੈਨੀਆਂ ਵਰਗੀ ਤਰਸ ਭਾਵਨਾ ਦੀ ਲੋੜ ਹੈ ! ਪਰ ਇਥੇ ਤਾਂ ਬੰਦੇ ਵਿੱਚ, ਦੁਨੀਆਂ ਦੀ ਸਾਰੀ ਪੂੰਜੀ, ਡੋਲਾ ਟਰੰਪ ਵਾਂਗੂੰ, ਹੜੱਪਣ ਦੀ ਹੋੜ ਹੈ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ, ਚੰਡੀਗੜ੍ਹ**
**ਫੋਨ ਨੰਬਰ : 9878469639**



# ਪੰਜਾਬ ਵਿੱਚ ਹਰ ਤੀਜਾ ਦੁੱਧ ਦਾ ਨਮੂਨਾ ਫੇਲ੍ਹ, ਯੂਪੀ ਅਤੇ ਹਰਿਆਣਾ ਦੇ ਲੋਕ ਵੀ ਰਹਿਣ ਸਾਵਧਾਨ

## ਪਰ ਆਖਰ ਮਿਲਾਵਟ ਖ਼ੋਰਾਂ ਤੇ ਕਦੋਂ ਕੱਸਿਆ ਜਾਵੇਗਾ ਸ਼ਿੰਕਜਾ

**ਨਵਾਂਸ਼ਹਿਰ 24 ਮਈ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਵਿੱਚ ਮਿਲਾਵਟਖੋਰਾਂ ਨੇ ਬੱਚਿਆਂ ਦੀ ਸਿਹਤ ਨੂੰ ਖਤਰੇ ਵਿੱਚ ਪਾ ਦਿੱਤਾ ਹੈ। ਪੰਜਾਬ ਫੂਡ ਐਂਡ ਡਰੱਗਜ਼ ਐਡਮਿਨਿਸਟ੍ਰੇਸ਼ਨ ਦੀ ਤਾਜ਼ਾ ਰਿਪੋਰਟ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਸੂਬੇ ਵਿੱਚ ਦੁੱਧ ਦੇ ਨਾਮ ਤੇ ਚਿੱਟਾ ਜ਼ਹਿਰ ਵੇਚਿਆ ਜਾ ਰਿਹਾ ਹੈ। ਵਿਭਾਗ ਨੇ ਕੁਝ ਰੁਪਏ ਲਈ ਲੋਕਾਂ ਦੀਆਂ ਜਾਨਾਂ ਨਾਲ ਖੇਡਣ ਵਾਲੇ ਮਾਫੀਆ ਵਿਰੁੱਧ ਵੱਡੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸੂਬੇ ਭਰ ਵਿੱਚ ਡੇਅਰੀਆਂ ਅਤੇ ਪ੍ਰੋਸੈਸਿੰਗ ਯੂਨਿਟਾਂ ਤੇ ਇਨ੍ਹਾਂ ਛਾਪਿਆਂ ਦੇ ਅੰਕੜੇ ਕਿਸੇ ਨੂੰ ਵੀ ਡਰਾਉਣ ਲਈ ਕਾਫ਼ੀ ਹਨ।

ਹਰ ਤੀਜਾ ਨਮੂਨਾ ਫੇਲ੍ਹ ਪੰਜਾਬ ਫੂਡ ਐਂਡ ਡਰੱਗਜ਼ ਐਡਮਿਨਿਸਟ੍ਰੇਸ਼ਨ ਨੇ ਸੂਬੇ ਭਰ ਵਿੱਚ ਡੇਅਰੀਆਂ ਅਤੇ ਦੁੱਧ ਪ੍ਰੋਸੈਸਿੰਗ ਯੂਨਿਟਾਂ ਤੋਂ ਕੁੱਲ 204 ਨਮੂਨੇ ਇਕੱਠੇ ਕੀਤੇ। ਜਦੋਂ ਇਨ੍ਹਾਂ ਦੀ ਲੈਬ ਵਿੱਚ ਜਾਂਚ ਕੀਤੀ ਗਈ ਤਾਂ ਸਾਹਮਣੇ ਆਈ ਸੱਚਾਈ ਨੇ ਅਧਿਕਾਰੀਆਂ ਨੂੰ ਵੀ ਹੈਰਾਨ ਕਰ ਦਿੱਤਾ। ਜਾਂਚ ਰਿਪੋਰਟ ਵਿੱਚ ਖੁਲਾਸਾ ਹੋਇਆ ਕਿ ਇਨ੍ਹਾਂ ਵਿੱਚੋਂ 68 ਨਮੂਨੇ ਟੈਸਟ ਵਿੱਚ ਪੂਰੀ ਤਰ੍ਹਾਂ ਫੇਲ੍ਹ ਹੋ ਗਏ। ਇਸ ਦਾ ਸਿੱਧਾ ਅਰਥ ਹੈ ਕਿ ਪੰਜਾਬ ਵਿੱਚ ਵੇਚਿਆ ਜਾਣ ਵਾਲਾ ਹਰ ਤੀਜਾ ਦੁੱਧ ਦਾ ਨਮੂਨਾ ਨਿਰਧਾਰਤ ਮਾਪਦੰਡਾਂ ਤੇ ਖਰਾ ਨਹੀਂ ਉਤਰਿਆ।ਪੀਣ ਦੇ ਯੋਗ ਨਹੀਂ ਦੁੱਧ ਇਸ ਪੂਰੀ ਜਾਂਚ ਵਿੱਚ ਸਭ ਤੋਂ ਹੈਰਾਨ ਕਰਨ ਵਾਲੀ ਅਤੇ ਪਰੇਸ਼ਾਨ ਕਰਨ ਵਾਲੀ ਗੱਲ ਇਹ ਸੀ ਕਿ ਇੱਕ ਨਮੂਨਾ ਪੀਣ ਲਈ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਸੀ। ਲੈਬ ਮਾਹਿਰਾਂ ਅਨੁਸਾਰ ਇਹ ਦੁੱਧ ਮਨੁੱਖੀ ਖਪਤ ਲਈ ਅਯੋਗ ਸੀ ਅਤੇ ਇਸ ਨੂੰ ਪੀਣਾ ਗੰਭੀਰ ਬਿਮਾਰੀਆਂ ਨੂੰ ਸੱਦਾ ਦੇਣ ਦੇ ਬਰਾਬਰ ਸੀ। ਇਸ ਖੁਲਾਸੇ ਤੋਂ ਬਾਅਦ ਰਾਜ ਦੇ ਲੋਕਾਂ ਵਿੱਚ ਮਿਲਾਵਟਖੋਰਾਂ ਵਿਰੁੱਧ ਵਿਆਪਕ ਗੁੱਸਾ ਅਤੇ ਡਰ ਹੈ।ਦੁੱਧ ਵਿੱਚ ਹੌਲੀ ਜ਼ਹਿਰ ਦੀ ਮਿਲਾਵਟ

ਖੁਰਾਕ ਮਾਹਿਰਾਂ ਦੇ ਅਨੁਸਾਰ ਮੁਨਾਫ਼ਾਖੋਰ ਦੁੱਧ ਦੀ ਮਾਤਰਾ ਅਤੇ ਗਾੜ੍ਹਾਪਣ ਵਧਾਉਣ ਲਈ ਬਹੁਤ ਹੀ ਜ਼ਾਲਮ ਤਰੀਕੇ ਵਰਤ ਰਹੇ ਹਨ। ਪਾਣੀ ਤੋਂ ਇਲਾਵਾ, ਸਿੰਥੈਟਿਕ ਰਸਾਇਣ, ਡਿਟਰਜੈਂਟ, ਸਟਾਰਚ, ਯੂਰੀਆ ਅਤੇ ਹੋਰ ਨੁਕਸਾਨਦੇਹ ਪਦਾਰਥਾਂ ਦੀ ਦੁੱਧ ਵਿੱਚ ਮਿਲਾਵਟ ਹੋਣ ਦਾ ਸ਼ੱਕ ਹੈ। ਮਾਮੂਲੀ ਮੁਨਾਫ਼ੇ ਲਈ, ਇਹ ਲੋਕ ਦੁੱਧ ਨੂੰ ਗਾੜ੍ਹਾ ਦਿਖਾ ਕੇ ਜਨਤਾ ਨੂੰ ਹੌਲੀ ਜ਼ਹਿਰ ਦੀ ਸੇਵਾ ਕਰ ਰਹੇ ਹਨ।ਡਾਕਟਰਾਂ ਨੇ ਜਤਾਈ ਗੰਭੀਰ ਚਿੰਤਾ ਸਿਹਤ ਮਾਹਿਰਾਂ ਅਤੇ ਡਾਕਟਰਾਂ ਦਾ ਕਹਿਣਾ ਹੈ ਕਿ ਅਜਿਹੇ ਮਿਲਾਵਟੀ ਦੁੱਧ ਦਾ ਲਗਾਤਾਰ ਸੇਵਨ ਕਰਨ ਨਾਲ ਸਰੀਰ ਤੇ ਗੰਭੀਰ ਅਤੇ ਇੱਥੋਂ ਤੱਕ ਕਿ ਘਾਤਕ ਪ੍ਰਭਾਵ ਵੀ ਪੈ ਸਕਦੇ ਹਨ।ਇਹ ਰਸਾਇਣਕ ਦੁੱਧ ਬੱਚਿਆਂ ਦੇ ਵਿਕਾਸ ਤੇ ਗੰਭੀਰ ਪ੍ਰਭਾਵ ਪਾਉਂਦਾ ਹੈ। ਇਸ ਤੋਂ ਇਲਾਵਾ, ਪੇਟ ਦੀਆਂ ਗੰਭੀਰ ਬਿਮਾਰੀਆਂ, ਅੰਤੜੀਆਂ ਦੀ ਲਾਗ, ਜਿਗਰ ਨੂੰ ਨੁਕਸਾਨ ਅਤੇ ਗੁਰਦੇ ਫੇਲ੍ਹ ਹੋਣ ਨਾਲ ਤੇਜ਼ੀ ਨਾਲ ਵਾਧਾ ਹੋ ਸਕਦਾ ਹੈ।ਪਨੀਰ ਵਧਿਆ ਖ਼ਤਰਾ ਤੇ ਵੀ ਡਾਕਟਰ ਖਾਸ ਤੌਰ ਤੇ ਚਿੰਤਤ ਹਨ ਕਿਉਂਕਿ ਦੁੱਧ ਨਾ ਸਿਰਫ਼ ਪੀਣ ਲਈ ਵਰਤਿਆ ਜਾਂਦਾ ਹੈ, ਸਗੋਂ ਪਨੀਰ, ਦਹੀਂ, ਘਿਓ ਅਤੇ ਮਿਠਾਈਆਂ ਬਣਾਉਣ ਲਈ ਵੀ ਵਰਤਿਆ ਜਾਂਦਾ ਹੈ। ਜਦੋਂ ਕੱਚਾ ਦੁੱਧ ਦੂਸ਼ਿਤ ਅਤੇ ਮਿਲਾਵਟਖੋਰ ਹੁੰਦਾ ਹੈ, ਤਾਂ ਇਸ ਤੋਂ ਬਣੇ ਹੋਰ ਡੇਅਰੀ ਉਤਪਾਦਾਂ ਦੀ ਗੁਣਵੱਤਾ ਆਪਣੇ ਆਪ ਵਿਗੜ ਜਾਵੇਗੀ। ਇਹ ਸਾਰਾ ਖੇਡ ਜਨਤਕ ਸਿਹਤ ਲਈ ਇੱਕ ਵੱਡਾ, ਸਮੂਹਿਕ ਖ਼ਤਰਾ ਹੈ।ਹੁਣ ਪਨੀਰ ਦੀ ਵਾਰੀ ਇਸ ਵੱਡੇ ਦੁੱਧ ਸਿੰਡੀਕੇਟ ਦੇ ਪਰਦਾਫਾਸ਼ ਤੋਂ ਬਾਅਦ, ਫੂਡ ਐਂਡ ਡਰੱਗਜ਼ ਵਿਭਾਗ ਨੇ ਆਪਣੀ ਕਾਰਵਾਈ ਦਾ ਦਾਇਰਾ ਵਧਾ ਦਿੱਤਾ ਹੈ। ਵਿਭਾਗ ਨੇ ਹੁਣ ਪੰਜਾਬ ਭਰ ਵਿੱਚ ਪਨੀਰ ਦੇ ਨਮੂਨੇ ਇਕੱਠੇ ਕਰਨ ਲਈ ਇੱਕ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਹੈ। ਅਧਿਕਾਰੀਆਂ ਦਾ ਦਾਅਵਾ ਹੈ ਕਿ ਮਿਲਾਵਟਖੋਰੀ ਵਿਰੁੱਧ ਇਹ ਮੁਹਿੰਮ ਜਾਰੀ ਰਹੇਗੀ, ਅਤੇ ਦੋਸ਼ੀ ਪਾਏ ਜਾਣ ਵਾਲਿਆਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ , ਜਿਸ ਵਿੱਚ ਉਨ੍ਹਾਂ ਦੇ ਲਾਇਸੈਂਸ ਰੱਦ ਕਰਨ ਵੀ ਸ਼ਾਮਲ ਹਨ।









Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com